# ਅਧਿਆਇ 29

# ਯਾਕੂਬ ਦੇ ਵਿਆਹ

ਯਾਕੂਬ ਹਾਰਾਨ ਨੂੰ ਚੱਲ ਪਿਆ ਜਿੱਥੇ ਨਗਰ ਦੇ ਬਾਹਰ ਇਕ ਖੂਹ ਤੇ ਉਸ ਦੀ ਮੁਲਾਕਾਤ ਲਾਬਾਨ ਦੀ ਧੀ ਰਾਖੇਲ ਨਾਲ ਹੋਈ।[1] ਹਾਲਾਂਕਿ ਪਰਮੇਸ਼ੁਰ ਦਾ ਦੈਵੀ ਪ੍ਰਬੰਧ ਸਪੱਸ਼ਟ ਹੈ, ਇਹ ਦ੍ਰਿਸ਼ ਲਾਬਾਨ ਦੇ ਛਲ ਦੇ ਕਾਰਣ ਗੁੰਝਲਦਾਰ ਬਣ ਜਾਂਦਾ ਹੈ। ਯਾਕੂਬ ਨੇ ਆਪਣੇ ਭਰਾ ਏਸਾਓ ਅਤੇ ਆਪਣੇ ਪਿਤਾ ਇਸਹਾਕ ਦੇ ਵਿਰੁੱਧ ਝੂਠ ਅਤੇ ਧੋਖਾ ਬੀਜਿਆ ਸੀ; ਪਰ ਹੁਣ ਉਹ ਆਪਣੇ ਮਾਮੇ ਦੇ ਕੋਲੋਂ ਧੋਖਾ ਖਾ ਰਿਹਾ ਸੀ।

ਲਾਬਾਨ ਨੇ ਆਪਣੇ ਭਾਣਜੇ ਯਾਕੂਬ ਦੇ ਪ੍ਰਤੀ ਰਹਿਮ ਦਿਲ ਮੇਜ਼ਬਾਨ ਬਣਨ ਦਾ ਦਿਖਾਵਾ ਕੀਤਾ; ਫਿਰ ਵੀ, ਉਸ ਦਾ ਉਸ ਸਥਿਤੀ ਵਿਚ ਸਫ਼ਲ ਹੋਣਾ ਨਿਸ਼ਚਤ ਸੀ। ਉਸ ਨੂੰ ਯਾਦ ਆਇਆ ਕਿ ਉਸ ਦੀ ਭੈਣ ਰਿਬਕਾਹ ਨੇ ਅਬਰਾਹਾਮ ਦੇ ਪੁੱਤਰ, ਇਸਹਾਕ ਨਾਲ ਵਿਆਹ ਕੀਤਾ ਸੀ, ਜੋ ਕਿ ਬਹੁਤ ਹੀ ਧਨੀ ਸੀ (24:1-67)। ਉਸ ਨੇ ਧੋਖੇਬਾਜੀ ਨਾਲ ਆਪਣੀ ਧਨ ਦੌਲਤ ਵਿਚ ਵਾਧਾ ਕਰਨ ਦੇ ਲਈ ਯਾਕੂਬ ਕੋਲੋਂ ਜਿੰਨਾ ਸੰਭਵ ਹੋ ਸਕੇ – ਜੇਕਰ ਧਨ ਦੌਲਤ ਨਹੀਂ ਤਾਂ ਸੇਵਾ ਦੇ ਵਰਹੇ – ਪ੍ਰਾਪਤ ਕਰਨ ਦਾ ਫ਼ੈਸਲਾ ਕਰ ਰਿਹਾ ਸੀ। ਯਾਕੂਬ ਦੇ ਜੀਵਨ ਵਿਚ ਪਹਿਲੀ ਵਾਰ, ਉਸ ਨੇ ਆਪਣੇ ਆਪ ਨੂੰ ਘਟੀਆ ਸਥਿਤੀ ਵਿਚ ਪਾਇਆ। ਕਿਉਂਕਿ ਉਸ ਦੇ ਕੋਲ ਮੁੱਲ ਦੇ ਕੇ ਵਿਆਹ ਕਰਵਾਉਣ ਦੇ ਲਈ ਇੰਨਾ ਧਨ ਦੌਲਤ ਨਹੀਂ ਸੀ, ਉਸ ਨੂੰ ਲਾਬਾਨ ਦੀ ਧੀ ਨਾਲ ਵਿਆਹ ਕਰਵਾਉਣ ਦੇ ਲਈ ਆਪਣੇ ਸਹੁਰੇ ਲਾਬਾਨ ਦੇ ਸੇਵਾ ਕਰਨ ਵਾਸਤੇ ਆਪਣੇ ਆਪ ਨੂੰ ਅਧੀਨ ਕਰਨਾ ਪਿਆ ਸੀ। ਯਾਕੂਬ ਨੇ ਰਾਖੇਲ ਨਾਲ ਵਿਆਹ ਕਰਵਾਉਣ ਦੇ ਲਈ ਲਾਬਾਨ ਦੀ ਸੱਤ ਵਰਹੇ ਤੱਕ ਸੇਵਾ ਕਰਨ ਦਾ ਜ਼ਲਦਬਾਜੀ ਵਿਚ ਵਾਇਦਾ ਕਰ ਲਿਆ। ਫਿਰ ਵੀ, ਉਸ ਦੇ ਪ੍ਰੇਮ ਵਿਚ ਇੰਨੀ ਤਾਕਤ ਸੀ ਕਿ ਇਹ ਸਮਾਂ ਛੇਤੀ ਹੀ ਬੀਤ ਗਿਆ, ਉਸ ਨੂੰ ਇੰਜ ਲੱਗਾ ਕਿ ਇਹ "ਥੋੜੇ ਦਿਨਾਂ ਦੇ ਬਰਾਬਰ" ਸਨ (29:20)।

ਸੱਤ ਸਾਲ ਦੀ ਸੇਵਾ ਪੂਰੀ ਕਰਨ ਤੋਂ ਬਾਅਦ, ਯਾਕੂਬ ਨੇ ਹੱਕ ਨਾਲ ਆਪਣੀ ਪਤਨੀ ਰਾਖੇਲ ਦੀ ਮੰਗ ਕੀਤੀ। ਜਦੋਂ ਉਸ ਦੇ ਲਈ ਰਾਖੇਲ ਨਾਲ ਵਿਆਹ ਕਰਵਾਉਣ ਦਾ ਸਮਾਂ ਆ ਗਿਆ ਤਾਂ ਲਾਬਾਨ ਨੇ ਆਪਣੀ ਰਾਖੇਲ ਦੇ ਬਦਲੇ ਲੇਆਹ ਨਾਲ ਉਸ ਨੂੰ ਵਿਆਹ ਦਿੱਤਾ। ਕੋਈ ਵੀ ਉਸ ਸਦਮੇ, ਨਿਰਾਸ਼ਾ ਅਤੇ ਗੁੱਸੇ ਦੀ ਕਲਪਨਾ ਕਰ ਸਕਦਾ ਹੈ ਜੋ ਯਾਕੂਬ ਨੇ ਉਸ ਸਵੇਰ ਨੂੰ ਮਹਿਸੂਸ ਕੀਤਾ ਹੋਵੇਗਾ, ਜਦੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਉਸ ਦਾ ਸਹੁਰਾ ਝੂਠਾ ਅਤੇ ਧੋਖੇਬਾਜ਼ ਨਿੱਕਲਿਆ ਅਤੇ ਉਸ ਨੇ ਉਸ ਦੀ ਵਫ਼ਾਦਾਰੀ ਨਾਲ ਸੇਵਾ ਕਰਨ ਤੋਂ ਬਾਅਦ ਵੀ ਯਾਕੂਬ ਨੂੰ ਗਲਤ ਤੀਵੀਂ ਨਾਲ ਵਿਆਹ ਦਿੱਤਾ ਸੀ। ਪਹਿਲੀ ਵਾਰ, ਯਾਕੂਬ ਨੇ ਇਹ ਸਮਝਣਾ ਸ਼ੁਰੂ ਕੀਤਾ ਹੋਵੇਗਾ ਕਿ ਉਸ ਦੇ ਭਰਾ ਨੂੰ ਕਿਵੇਂ ਦਾ ਲੱਗਾ ਹੋਵੇਗਾ ਜਦੋਂ ਉਸ ਨੇ ਇੰਨੇ ਸਾਲ ਤੱਕ ਆਪਣੇ ਪਿਤਾ ਇਸਹਾਕ ਕੋਲੋਂ ਉਸ ਬਰਕਤ ਨੂੰ ਪਾਉਣ ਦੇ ਲਈ ਉਡੀਕ ਕੀਤੀ ਸੀ ਜੋ ਮੌਤ ਦੇ ਬਿਸਤਰ ਤੇ ਪਿਆ ਸੀ ਅਤੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਛੋਟੇ ਭਰਾ ਨੇ ਆਪਣੇ ਅੰਨ੍ਹੇ ਪਿਤਾ

ਨੂੰ ਧੋਖਾ ਦੇ ਕੇ ਉਸ ਦੀ ਇਹ ਬਰਕਤ ਚੋਰੀ ਕਰ ਲਈ ਸੀ। ਵਿਅੰਗਾਤਮਕ ਰੂਪ ਵਿਚ, ਜਿਵੇਂ ਯਾਕੂਬ ਨੇ ਆਪਣੇ ਪਿਤਾ ਨੂੰ ਧੋਖਾ ਦੇਣ ਦੇ ਲਈ ਆਪਣਾ ਵੱਡਾ ਭਰਾ ਏਸਾਓ ਹੋਣ ਦਾ ਵਿਖਾਵਾ ਢੋਂਗ ਕੀਤਾ ਸੀ, ਉਸੇ ਤਰ੍ਹਾਂ ਵੱਡੀ ਭੈਣ ਲੇਆਹ ਨੇ ਰਾਖੇਲ ਹੋਣ ਦਾ ਢੋਂਗ ਕਰਕੇ ਯਾਕੂਬ ਨੂੰ ਧੋਖਾ ਦਿੱਤਾ ਸੀ।

ਯਾਕੂਬ ਨੇ ਆਖ਼ਰਕਾਰ ਦੋਹਾਂ ਭੈਣਾਂ, ਲੇਆਹ ਅਤੇ ਰਾਖੇਲ ਨਾਲ ਵਿਆਹ ਕਰਵਾ ਲਿਆ। ਲਾਬਾਨ ਨੇ ਦਾਜ ਦੇ ਰੂਪ ਵਿਚ ਆਪਣੀਆਂ ਧੀਆਂ ਨੂੰ ਇਕ-ਇੱਕ ਗੋੱਲੀ (ਜਿਲਫਾਹ ਅਤੇ ਬਿਲਹਾਹ) ਦਿੱਤੀ। ਇਹ ਚਾਰੇ ਤੀਵੀਆਂ ਬੱਚਾ ਜਣਨ ਦੇ ਲਈ ਮੁਕਾਬਲੇ ਵਿਚ ਹਿੱਸੇਦਾਰ ਬਣੀਆਂ, ਜਿਸ ਨਾਲ ਦੋ ਭੈਣਾਂ ਨੇ ਆਪਣੇ ਪਤੀ ਦਾ ਸਨੇਹ ਪ੍ਰਾਪਤ ਕਰਨ ਦੇ ਲਈ ਆਪਸ ਵਿਚ ਲਾਗਤਬਾਜ਼ੀ ਕੀਤੀ (29:31–30:24)।

## ਯਾਕੂਬ ਦੀ ਰਾਖੇਲ ਨਾਲ ਮੁਲਾਕਾਤ (29:1-14)

**1ਯਾਕੂਬ ਉੱਥੋਂ ਪੈਦਲ ਚੱਲ ਕੇ ਪੂਰਬੀਆਂ ਦੇ ਦੇਸ ਵਿੱਚ ਆਇਆ। 2ਅਤੇ ਉਸ ਡਿੱਠਾ ਅਰ
ਵੇਖੋ ਰੜ ਵਿੱਚ ਇੱਕ ਖੂਹ ਸੀ ਅਤੇ ਵੇਖੋ ਉੱਥੇ ਭੇਡਾਂ ਦੇ ਤਿੰਨ ਇੱਜੜ ਖੂਹ ਦੇ ਕੋਲ ਬੈਠੇ ਹੋਏ ਸਨ
ਕਿਉਂਜੋ ਓਹ ਉਸ ਖੂਹ ਤੋਂ ਇੱਜੜਾਂ ਨੂੰ ਪਾਣੀ ਪਿਲਾਉਂਦੇ ਹੁੰਦੇ ਸਨ ਅਰ ਉਸ ਖੂਹ ਦੇ ਮੂੰਹ ਉੱਤੇ
ਵੱਡਾ ਪੱਥਰ ਸੀ। 3ਜਾਂ ਸਾਰੇ ਇੱਜੜ ਉੱਥੇ ਇਕੱਠੇ ਹੁੰਦੇ ਸਨ ਤਾਂ ਓਹ ਉਸ ਪੱਥਰ ਨੂੰ ਖੂਹ ਦੇ ਮੂੰਹੋਂ
ਰੇੜ੍ਹਦੇ ਸਨ ਅਰ ਇੱਜੜਾਂ ਨੂੰ ਪਾਣੀ ਪਿਲਾਉਂਦੇ ਸਨ ਅਤੇ ਫੇਰ ਉਸ ਪੱਥਰ ਨੂੰ ਖੂਹ ਦੇ ਮੂੰਹ ਉੱਤੇ
ਉਸ ਦੀ ਜਗਹ ਤੇ ਰੱਖ ਦਿੰਦੇ ਸਨ। 4ਤਦ ਯਾਕੂਬ ਨੇ ਉਨ੍ਹਾਂ ਨੂੰ ਆਖਿਆ, ਮੇਰੇ ਭਰਾਵੋ ਤੁਸੀਂ
ਕਿੱਥੋਂ ਦੇ ਹੋ? ਉਨ੍ਹਾਂ ਨੇ ਆਖਿਆ, ਅਸੀਂ ਹਾਰਾਨ ਤੋਂ ਹਾਂ। 5ਤਾਂ ਉਸ ਓਹਨਾਂ ਨੂੰ ਆਖਿਆ, ਤੁਸੀਂ
ਨਾਹੋਰ ਦੇ ਪੁੱਤ੍ਰ ਲਾਬਾਨ ਨੂੰ ਜਾਣਦੇ ਹੋ? ਉਨ੍ਹਾਂ ਆਖਿਆ, ਅਸੀਂ ਜਾਣਦੇ ਹਾਂਗੇ। 6ਉਸ ਆਖਿਆ,
ਉਹ ਚੰਗਾ ਭਲਾ ਹੈ? ਉਨ੍ਹਾਂ ਨੇ ਆਖਿਆ, ਚੰਗਾ ਭਲਾ ਹੈਗਾ ਅਰ ਵੇਖ ਉਹ ਦੀ ਧੀ ਰਾਖੇਲ ਭੇਡਾਂ
ਨਾਲ ਲਗੀ ਆਉਂਦੀ ਹੈ। 7ਤਾਂ ਉਸ ਆਖਿਆ, ਵੇਖੋ ਅਜੇ ਦਿਨ ਵੱਡਾ ਹੈ ਅਤੇ ਅਜੇ ਪਸੂਆਂ ਦੇ
ਇਕੱਠੇ ਹੋਣ ਦਾ ਵੇਲਾ ਨਹੀਂ। ਤੁਸੀਂ ਭੇਡਾਂ ਨੂੰ ਪਾਣੀ ਪਿਲਾ ਕੇ ਚਾਰਨ ਲਈ ਲੈ ਜਾਓ। 8ਪਰ ਉਨ੍ਹਾਂ
ਨੇ ਆਖਿਆ, ਅਸੀਂ ਅਜੇਹਾ ਨਹੀਂ ਕਰ ਸੱਕਦੇ ਜਦ ਤੀਕ ਸਾਰੇ ਇੱਜੜ ਇਕੱਠੇ ਨਾ ਹੋਣ ਅਤੇ
ਓਹ ਉਸ ਪੱਥਰ ਨੂੰ ਖੂਹ ਦੇ ਮੂੰਹ ਉੱਤੇ ਨਾ ਰੇੜ੍ਹਨ ਤਦ ਤੀਕ ਅਸੀਂ ਭੇਡਾਂ ਨੂੰ ਪਾਣੀ ਨਾ
ਪਿਲਾਵਾਂਗੇ। 9ਉਹ ਉਨ੍ਹਾਂ ਨਾਲ ਬੋਲਦਾ ਹੀ ਸੀ ਕਿ ਰਾਖੇਲ ਆਪਣੇ ਪਿਤਾ ਦੀਆਂ ਭੇਡਾਂ ਨਾਲ
ਆਈ ਕਿਉਂਜੋ ਉਹ ਪਾਲਣ ਸੀ। 10ਤਾਂ ਐਉਂ ਹੋਇਆ ਜਦ ਯਾਕੂਬ ਨੇ ਆਪਣੇ ਮਾਮੇ ਲਾਬਾਨ ਦੀ
ਧੀ ਰਾਖੇਲ ਨੂੰ ਅਰ ਆਪਣੇ ਮਾਮੇ ਲਾਬਾਨ ਦੇ ਇੱਜੜ ਨੂੰ ਵੇਖਿਆ ਤਾਂ ਯਾਕੂਬ ਨੇ ਨੇੜੇ ਜਾਕੇ ਉਸ
ਪੱਥਰ ਨੂੰ ਖੂਹ ਦੇ ਮੂੰਹ ਤੋਂ ਰੇੜ੍ਹਿਆ ਅਰ ਆਪਣੇ ਮਾਮੇ ਲਾਬਾਨ ਦੇ ਇੱਜੜ ਨੂੰ ਪਾਣੀ ਪਿਲਾਇਆ।
11ਯਾਕੂਬ ਨੇ ਰਾਖੇਲ ਨੂੰ ਚੁੰਮਿਆ ਅਰ ਉੱਚੀ ਉੱਚੀ ਰੋਇਆ। 12ਤਾਂ ਯਾਕੂਬ ਨੇ ਰਾਖੇਲ ਨੂੰ ਦੱਸਿਆ
ਕਿ ਮੈਂ ਤੇਰੇ ਪਿਤਾ ਦਾ ਸਾਕ ਹਾਂ ਅਰ ਮੈਂ ਰਿਬਕਾਹ ਦਾ ਪੁੱਤ੍ਰ ਹਾਂ ਤਾਂ ਉਸ ਨੱਠ ਕੇ ਆਪਣੇ ਪਿਤਾ
ਨੂੰ ਦੱਸਿਆ। 13ਤਾਂ ਐਉਂ ਹੋਇਆ ਜਦ ਲਾਬਾਨ ਨੇ ਆਪਣੇ ਭਾਣਜੇ ਦੀ ਖਬਰ ਸੁਣੀ ਤਾਂ ਉਸ ਦੇ
ਮਿਲਨ ਨੂੰ ਨੱਠਾ ਅਰ ਜੱਫੀ ਪਾਕੇ ਉਸ ਨੂੰ ਚੁੰਮਿਆ ਅਰ ਉਸ ਨੂੰ ਆਪਣੇ ਘਰ ਲੈ ਆਇਆ ਤਾਂ
ਉਸ ਲਾਬਾਨ ਨੂੰ ਸਾਰੀਆਂ ਗੱਲਾਂ ਦੱਸੀਆਂ। 14ਲਾਬਾਨ ਨੇ ਉਸ ਨੂੰ ਆਖਿਆ, ਤੂੰ ਸੱਚ ਮੁੱਚ ਮੇਰੀ
ਹੱਡੀ ਅਰ ਮੇਰਾ ਮਾਸ ਹੈਂ। ਤਾਂ ਉਹ ਮਹੀਨਾਕੁ ਉਸ ਦੇ ਘਰ ਰਿਹਾ।**

**ਆਇਤ 1.** ਬੈਤੇਏਲ ਵਿਚ ਆਪਣੇ ਨਾਟਕੀ ਤਜਰਬੇ ਤੋਂ ਬਾਅਦ, **ਯਾਕੂਬ** ਨਿਰੰਤਰ **ਪੈਦਲ ਚੱਲ ਕੇ ਪੂਰਬੀਆਂ ਦੇ ਦੇਸ ਵਿੱਚ ਆਇਆ**। ਇਹ ਅਜਿਹਾ ਕਹਿਣ ਦਾ ਤਰੀਕਾ ਹੈ ਕਿ ਉਸ ਨੇ "ਪੂਰਬੀ ਲੋਕਾਂ" (NIV) ਵੱਲ ਯਾਤਰਾ ਕੀਤੀ, ਜੋ ਆਮ ਤੌਰ ਤੇ ਕਨਾਨ ਦੇਸ ਦੇ ਪੂਰਬ ਵਿਚ ਰਹਿਣ ਵਾਲੇ ਲੋਕਾਂ ਦੇ ਸਮੂਹਾਂ ਨੂੰ ਦਰਸਾਉਂਦਾ ਹੈ, ਜਿਸ ਵਿਚ ਯਰਦਨ ਦੇ ਪਾਰ, ਸੀਰਿਯਾ, ਅਤੇ ਉੱਤਰੀ ਅਰਬ ਸ਼ਾਮਲ ਹਨ (ਨਿਆਈਆਂ 7:12; 8:10; ਅੱਯੂਬ 1:3; ਯਸਾਯਾਹ 11:14; ਯਿਰਮਿਯਾਹ 49:28)। ਇਸ ਪ੍ਰਸੰਗ ਵਿਚ, ਇਹ ਸਪੱਸ਼ਟ ਰੂਪ ਵਿਚ ਹਾਰਾਨ ਨੂੰ ਦਰਸਾਉਂਦਾ ਹੈ, ਜੋ ਉੱਤਰ-ਪੱਛਮੀ ਮਸੋਪੋਤਾਮੀਆ ਵਿਚ ਕਨਾਨ ਦੇ ਪੂਰਬ ਅਤੇ ਉੱਤਰ ਵਿਚ ਸਥਿਤ ਹੈ। ਇਸ ਦੇਸ ਵਿਚ ਹੀ ਯਾਕੂਬ, ਅਬਰਾਹਾਮ ਦੇ ਨਾਲ ਪਰਮੇਸ਼ੁਰ ਦੇ ਵਾਇਦੇ ਦੇ ਅਨੁਸਾਰ ਆਪਣੇ ਵੱਡੇ ਪਰਿਵਾਰ ਨੂੰ ਬਣਾਉਣਾ ਸੀ।

**ਆਇਤ 2.** ਜਿਵੇਂ ਹੀ ਯਾਕੂਬ ਹਾਰਾਨ ਦੇ ਨੇੜੇ ਆਇਆ, ਉਸ ਨੇ **ਡਿੱਠਾ ਅਰ ਵੇਖੋ ਰੜ ਵਿੱਚ ਇੱਕ ਖੂਹ ਸੀ**। ਕੁਝ ਲੋਕ ਸੋਚਦੇ ਹਨ ਕਿ ਇਹ ਉਹੀ ਖੂਹ ਸੀ ਜਿੱਥੇ ਅਬਰਾਹਾਮ ਦਾ ਨੌਕਰ ਨੂੰ ਰਿਬਕਾਹ ਨੂੰ ਮਿਲਿਆ ਸੀ (2:11-20)। ਜਦਕਿ ਇਸ ਦੀ ਸੰਭਾਵਨਾ ਹੈ, ਪਰ ਜਿਸ ਖੂਹ ਦਾ ਇੱਥੇ ਜਿਕਰ ਕੀਤਾ ਗਿਆ ਹੈ ਉਹ ਹੇਠ ਲਿਖੇ ਕਾਰਣਾਂ ਦੇ ਕਾਰਣ ਪਹਿਲੇ ਨਾਲੋਂ ਵੱਖਰਾ ਹੈ:

ਪਹਿਲਾ, ਰਿਬਕਾਹ ਹੋਰਨਾਂ ਇਸਤਰੀਆਂ ਦੇ ਨਾਲ ਦਿਨ ਦੇ ਠੰਢੇ ਵੇਲੇ, ਇੱਕ ਚਸ਼ਮੇ ਵਿਚੋਂ ਪਾਣੀ ਭਰਨ ਦੇ ਲਈ ਬਾਹਰ ਆਈ ਸੀ (ਅਸਲ ਵਿਚ, "ਪਾਣੀ ਦਾ ਇੱਕ ਝਰਨਾ"; 24:13, 43). ਇੱਥੇ ਝਰਨੇ ਦਾ ਕੋਈ ਉਲੇਖ ਨਹੀਂ ਹੈ; ਉਹ ਖੂਹ ਜਿੱਥੇ ਯਾਕੂਬ ਆਇਆ ਸੀ ਉਸ ਵਿਚ "ਖੜਾ ਪਾਣੀ" ਸੀ ਅਤੇ ਉਸ ਨੂੰ ਇੱਕ **ਪੱਥਰ** ਨਾਲ ਢੱਕਿਆ ਹੋਇਆ ਸੀ ਜੋ **ਵੱਡਾ** ਸੀ।

ਦੂਸਰਾ, ਰਾਖੇਲ ਇੱਕ ਭੇਡਾਂ ਚਾਰਨ ਵਾਲੀ ਸੀ ਅਤੇ ਆਪਣੇ ਪਿਤਾ ਦੀਆਂ ਭੇਡਾਂ ਨੂੰ ਪਾਣੀ ਪਿਲਾਉਣ ਦੇ ਲਈ ਖੂਹ ਤੇ ਲਿਆ ਰਹੀ ਸੀ (29:9), ਪਰ ਇੱਥੇ ਇਸ ਗੱਲ ਦਾ ਕੋਈ ਸੁਝਾਅ ਨਹੀਂ ਹੈ ਕਿ ਰਿਬਕਾਹ ਇੱਕ ਭੇਡਾਂ ਚਾਰਨ ਵਾਲੀ ਸੀ ਜੋ ਜਿਸ ਕੋਲ ਇੱਕ ਭੇਡਾ-ਬੱਕਰੀਆਂ ਦਾ ਇੱਕ ਝੁੰਡ ਸੀ ਜਿਸ ਨੂੰ ਉਹ ਪਾਣੀ ਪਿਲਾਵੇ। ਇਹ ਗੱਲ ਸਪੱਸ਼ਟ ਹੈ ਕਿ ਉਹ ਹਾਰਾਨ ਵਿਚ ਰਹਿੰਦੀ ਸੀ ਅਤੇ ਉਹ ਪਾਣੀ ਦਾ ਘੜਾ ਭਰਨ ਦੇ ਲਈ ਅਤੇ ਉਸ ਨੂੰ ਨਗਰ ਵਿਚ ਆਪਣੇ ਪਿਤਾ ਦੇ ਘਰ ਲੈ ਜਾਣ ਲਈ ਬਾਹਰ ਆਈ ਸੀ, ਜਿੱਥੇ ਉਨ੍ਹਾਂ ਦੇ ਕੁਝ ਪਾਲਤੂ ਜਾਨਵਰਾਂ ਦੇ ਲਈ ਇੱਕ ਅਸਤਬਲ ਸੀ (24:25, 31)।

ਤੀਸਰਾ, ਉਸ **ਖੂਹ** ਤੇ ਜਿੱਥੇ ਯਾਕੂਬ ਪਹੁੰਚਿਆ ਸੀ ਉਸ ਦੇ ਕੋਲ **ਭੇਡਾਂ ਦੇ ਤਿੰਨ ਇੱਜੜ** ਪਹਿਲਾਂ ਤੋਂ ਹੀ **ਬੈਠੇ ਹੋਏ ਸਨ**; ਅਤੇ ਜਦੋਂ ਰਾਖੇਲ ਪਹੁੰਚੀ, ਤਾਂ ਭੇਡਾਂ ਦੇ ਚਾਰ ਇੱਜੜ ਹੋ ਗਏ ਜਿਨ੍ਹਾਂ ਨੂੰ **ਪਾਣੀ** ਪਿਲਾਉਣ ਦੀ ਲੋੜ ਸੀ। ਇਹ ਗੱਲ ਅਸੰਭਵ ਜਾਪਦੀ ਹੈ ਕਿ ਇਹ ਉਹੀ ਖੂਹ ਸੀ ਜਿਸ ਤੋਂ ਨਗਰ ਦੇ ਲੋਕ ਪੀਣ ਵਾਲਾ ਪਾਣੀ ਲੈਣ ਲਈ ਨਿਰਭਰ ਕਰਦੇ ਸਨ ਉਤਪਤ 26:18-33 ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਸਹਾਕ ਅਤੇ ਉਸ ਦੇ ਆਦਮੀਆਂ ਨੇ ਆਪਣੇ ਵੱਗਾਂ ਅਤੇ ਝੁੰਡਾਂ ਦੇ ਲਈ ਆਪਣੇ ਇਲਾਕਿਆਂ ਦੇ ਵਿਚ ਬਹੁਤ ਸਾਰੇ ਖੂਹ ਖੋਦੇ ਸਨ। ਕਿਉਂਕਿ 29:2 ਕਹਿੰਦੀ ਹੈ ਕਿ ਇਹ ਖੂਹ "ਰੜ ਵਿਚ" ਸੀ ਤਾਂ ਇਹ ਮੰਨਣਾ ਉਚਿਤ ਹੈ ਕਿ ਇਸ ਕਿਸਮ ਦੇ ਇੱਕ ਜਾਂ ਇੱਕ ਤੋਂ ਵੱਧ ਖੂਹ ਹਾਰਾਨ ਦੇ ਆਲੇ-ਦੁਆਲੇ ਘੁੰਮਣ ਵਾਲੇ ਬਾਹਰਲੇ ਇੱਜੜਾਂ ਦੇ ਲਈ ਪਾਣੀ ਮਹੱਈਆ ਕਰਵਾਉਂਦੇ ਸਨ। ਇਸ ਦੇ ਨਾਲ ਨਾਲ, ਇਹ ਇੰਨਾ ਨਜ਼ਦੀਕ ਸੀ ਕਿ ਰਾਖੇਲ ਲਾਬਾਨ ਨੂੰ ਜਾ ਕੇ ਦੱਸਣ ਦੇ ਲਈ ਨਗਰ ਵਿਚ ਦੌੜ ਕੇ ਜਾ ਸਕਦੀ ਸੀ ਕਿ ਉਸ ਦੀ ਭੈਣ ਦਾ ਪੁੱਤਰ

ਆਇਆ ਹੈ; ਅਤੇ ਉਹ ਵੀ ਉੱਥੋਂ, ਯਾਕੂਬ ਨੂੰ ਮਿਲਣ ਲਈ ਦੌੜ ਕੇ ਆ ਸਕਦਾ ਸੀ (29:12, 13)।

**ਆਇਤ 3.** ਜਾਹਿਰ ਹੈ, ਕਿ ਚਰਵਾਹੇ ਉਸ ਸਮੇਂ ਤੱਕ ਇੰਤਜ਼ਾਰ ਕਰਦੇ ਸਨ ਜਦੋਂ ਤੱਕ **ਸਾਰੇ ਇੱਜੜ ਉੱਥੇ ਇਕੱਠੇ ਹੁੰਦੇ ਸਨ** ਤਾਂ ਓਹ **ਉਸ ਪੱਥਰ ਨੂੰ ਖੂਹ ਦੇ ਮੂੰਹੋਂ ਰੇੜ੍ਹਦੇ ਸਨ ਅਰ ਇੱਜੜਾਂ ਨੂੰ ਪਾਣੀ ਪਿਲਾਉਂਦੇ ਸਨ**। ਪਾਣੀ ਨੂੰ ਖੂਹ ਵਿਚੋਂ ਹੌਦਾਂ ਵਿਚ ਪਾ ਦਿੱਤਾ ਜਾਂਦਾ ਸੀ (ਵੇਖੋ 24:20)। ਇੱਜੜਾਂ ਦੇ ਰੱਜ ਜਾਣ ਤੋਂ ਬਾਅਦ, ਆਦਮੀ ਫੇਰ **ਉਸ ਪੱਥਰ ਨੂੰ ਖੂਹ ਦੇ ਮੂੰਹ ਉੱਤੇ ਉਸ ਦੀ ਜਗਹ ਤੇ ਰੱਖ ਦਿੰਦੇ ਸਨ**। ਲਿਖਤ ਇਸ ਅਭਿਆਸ ਦੇ ਲਈ ਕੋਈ ਸਪੱਸ਼ਟੀਕਰਣ ਨਹੀਂ ਦਿੰਦੀ ਹੈ; ਪਰ ਪ੍ਰਾਚੀਨ ਨੇੜਲੇ ਪੂਰਬ ਵਿਚ ਪਾਣੀ ਦੇ ਖੂਹਾਂ ਦੇ ਲਈ ਲੰਬੇ ਸਮੇਂ ਤੱਕ ਚੱਲਦੇ ਆ ਰਹੇ ਸੰਘਰਸ਼ ਨੂੰ ਧਿਆਨ ਵਿਚ ਰੱਖਦੇ ਹੋਏ, ਇਹ ਫ਼ੈਸਲਾ ਲਿਆ ਗਿਆ ਹੋ ਸਕਦਾ ਹੈ ਕਿ ਹੋਰਨਾਂ ਪਾਲੀਆਂ ਦਾ ਇੰਤਜ਼ਾਰ ਕੀਤਾ ਜਾਵੇ ਤਾਂ ਕਿ ਕੋਈ ਵੀ ਆਪਣੇ ਪਸ਼ੂਆਂ ਦੇ ਲਈ ਉਚਿਤ ਹਿੱਸੇ ਤੋਂ ਵੱਧ ਨਾ ਲੈ ਸਕੇ।

ਹਾਲ ਦੇ ਦਿਨਾਂ ਵਿਚ ਇਹ ਪ੍ਰਕਿਰਿਆ ਮੱਧ ਪੂਰਬ ਵਿਚ ਵੇਖੀ ਗਈ ਹੈ। ਇੱਕ ਖੂਹ ਦੇ ਮੂੰਹ ਨੂੰ ਕਈ ਵਾਰ ਇੱਕ ਚਪਟੇ, ਗੋਲਾਕਾਰ ਪੱਥਰ ਦੇ ਨਾਲ ਢੱਕਿਆ ਜਾਂਦਾ ਸੀ ਜਿਸ ਦੇ ਵਿਚਕਾਰ ਇੱਕ ਛੇਦ ਹੁੰਦਾ ਸੀ। ਇਹ ਪੱਥਰ ਇੱਕ ਭਾਰੇ ਪੱਥਰ ਦੇ ਨਾਲ ਸੁਰੱਖਿਅਤ ਰੱਖਿਆ ਜਾਂਦਾ ਹੈ, ਜੋ ਛੇਦ ਦੇ ਵਿਚ ਰੱਖਿਆ ਜਾਂਦਾ ਹੈ। ਇਸ ਭਾਰੇ ਪੱਥਰ ਨੂੰ ਹਟਾਉਣ ਦੇ ਲਈ ਦੋ ਜਾਂ ਤਿੰਨ ਮਨੁੱਖਾਂ ਦੀ ਲੋੜ ਹੁੰਦੀ ਹੈ, ਅਤੇ ਇਸ ਨੂੰ ਸਿਰਫ ਕੁਝ ਖਾਸ ਸਮਿਆਂ ਤੇ ਹੀ ਹਟਾਇਆ ਜਾਂਦਾ ਹੈ।[2]

**ਆਇਤ 4.** ਜਦੋਂ **ਯਾਕੂਬ** ਖੂਹ ਤੇ ਪਹੁੰਚਿਆ, ਉਸ ਨੇ ਪਾਲੀਆਂ ਦੇ ਨਾਲ ਨਿਮਰਤਾ ਨਾਲ ਗੱਲ ਕੀਤੀ, ਉਨ੍ਹਾਂ ਨੂੰ **ਮੇਰੇ ਭਰਾਓ** ਕਹਿ ਕੇ ਸੰਬੋਧਤ ਕੀਤਾ। "ਭਰਾ" ਦੇ ਲਈ ਇਬਰਾਨੀ ਸ਼ਬਦ אָח (*ਏਚ*) ਹੈ, ਇਹ ਇੱਕ ਵਿਆਪਕ ਸ਼ਬਦ ਹੈ ਜੋ ਇੱਕ ਅਸਲੀ ਭਰਾ ਜਾਂ ਕਿਸੇ ਹੋਰ ਰਿਸ਼ਤੇਦਾਰ ਦਾ ਸੰਕੇਤ ਕਰਦਾ ਹੈ। ਇੱਥੇ, ਇਹ ਇੱਕ ਆਮ ਸਲਾਮ ਹੈ, ਜਿਸ ਦਾ ਅਰਥ "ਮਿੱਤਰ" ਵਰਗਾ ਹੈ (ਵੇਖੋ 19:7)। ਬਾਅਦ ਵਿਚ ਇਸ ਪ੍ਰਸੰਗ ਨੂੰ ਹੋਰ ਵੀ ਚੰਗੀ ਤਰ੍ਹਾਂ ਦੇ ਨਾਲ ਫਿਟ ਕੀਤਾ ਗਿਆ ਹੈ, ਕਿਉਂਕਿ ਯਾਕੂਬ ਨੇ ਇਸ ਤਰੀਕੇ ਦੇ ਨਾਲ ਇਸ ਸ਼ਬਦ ਦਾ ਇਸਤੇਮਾਲ ਕੀਤਾ ਸੀ ਕਿ ਇਹ ਅਜਨਬੀ ਲੋਕ ਉਸ ਨੂੰ ਪਰਵਾਨ ਕਰ ਲੈਣ। ਯਾਕੂਬ ਨੇ ਇਸ ਸਲਾਮ ਤੋਂ ਬਾਅਦ ਇੱਕ ਪ੍ਰਸ਼ਨ ਪੁੱਛਿਆ ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਸ ਨੂੰ ਪਤਾ ਨਹੀਂ ਸੀ ਕਿ ਉਹ ਆਪਣੀ ਮੰਜ਼ਿਲ ਤੇ ਪਹੁੰਚ ਚੁੱਕਿਆ ਹੈ। ਉਸ ਨੇ ਪੁੱਛਿਆ, **ਤੁਸੀਂ ਕਿੱਥੋਂ ਦੇ ਹੋ?** ਉਨ੍ਹਾਂ ਦਾ ਉੱਤਰ **ਸੀ ਅਸੀਂ ਹਾਰਾਨ ਤੋਂ ਹਾਂ।**

ਪਾਲੀਆਂ ਦੇ ਇਸ ਉੱਤਰ ਨੇ ਉਸ ਨੂੰ ਦੱਸ ਦਿੱਤਾ ਕਿ ਪਰਮੇਸ਼ੁਰ ਨੇ ਸਹੀ ਸਥਾਨ ਤੇ ਉਨ੍ਹਾਂ ਦੀ ਅਗਵਾਈ ਕੀਤੀ ਸੀ। ਇਸੇ ਤਰ੍ਹਾਂ, ਪਰਮੇਸ਼ੁਰ ਦੇ ਰੱਬੀ ਹੱਥ ਨੇ ਅਬਰਾਹਾਮ ਦੇ ਨੌਕਰ ਦੀ ਅਗਵਾਈ ਕੀਤੀ ਸੀ, ਜਿੱਥੇ ਉਹ ਰਿਬਕਾਹ ਨੂੰ ਮਿਲਿਆ ਸੀ (24:7-10, 26, 27, 48, 50, 51)। ਭਾਵੇਂ ਇਸ ਸਮੇਂ ਪਰਮੇਸ਼ੁਰ ਦਾ ਮਾਰਗ ਦਰਸ਼ਣ ਵਧੇਰੇ ਵਿਚਾਰਸ਼ੀਲ ਸੀ, ਫਿਰ ਵੀ ਇਹ ਅਸਲੀ ਸੀ। ਇਸ ਨੇ ਯਾਕੂਬ ਦੇ ਨਾਲ ਆਪਣੇ ਵਾਇਦੇ ਨੂੰ ਪੂਰਾ ਕੀਤਾ – "ਮੈਂ ਤੇਰੇ ਅੰਗ ਸੰਗ ਹਾਂ" (28:15) – ਕਿਉਂਕਿ ਉਹ ਆਪਣੇ ਮਾਮੇ ਲਾਬਾਨ ਦੇ ਪਰਿਵਾਰ ਵਿਚੋਂ ਇੱਕ ਪਤਨੀ ਦੀ ਭਾਲ ਕਰਨ ਦੇ ਲਈ ਤਿਆਰ ਸੀ। ਲੇਖਕ ਚਾਹੁੰਦਾ ਹੈ ਕਿ ਉਸ ਦੇ ਪਾਠਕ ਇਸ ਗੱਲ ਨੂੰ ਜਾਣ ਲੈਣ ਕਿ ਪੁਰਖਾ ਸੰਜੋਗ ਦੇ ਨਾਲ ਇਨ੍ਹਾਂ ਪਾਲੀਆਂ ਦੇ ਕੋਲ ਨਹੀਂ ਪਹੁੰਚਿਆ ਸੀ।

**ਆਇਤਾਂ 5, 6.** ਇੱਕ ਵਾਰ ਜਦੋਂ ਯਾਕੂਬ ਨੂੰ ਪਤਾ ਲੱਗ ਗਿਆ ਕਿ ਉਹ ਸਹੀ ਸਥਾਨ ਤੇ ਹੈ

ਅਤੇ ਇਹ ਆਦਮੀ ਹਾਰਾਨ ਤੋਂ ਹਨ, ਤਾਂ ਉਸ ਨੇ ਉਨ੍ਹਾਂ ਨੂੰ ਪੁੱਛਿਆ, **ਤੁਸੀਂ ਨਾਹੋਰ ਦੇ ਪੁੱਤ੍ਰ ਲਾਬਾਨ ਨੂੰ ਜਾਣਦੇ ਹੋ?** ਇੱਥੇ ਇਸਤੇਮਾਲ ਕੀਤੇ ਗਏ ਸ਼ਬਦ "ਪੁੱਤਰ" (בֵּן, *ਬੇਨ*) ਦਾ ਅਰਥ "ਸੰਤਾਨ" ਹੈ। ਤਕਨੀਕੀ ਤੌਰ ਤੇ ਬੋਲਦੇ ਹੋਏ, ਲਾਬਾਨ ਬਥੂਏਲ ਦਾ ਪੁੱਤਰ ਅਤੇ ਨਾਹੋਰ ਦੀ ਪੋਤਾ ਸੀ (24:15, 24, 29)। ਜਦੋਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਉਹ ਲਾਬਾਨ ਨੂੰ ਜਾਣਦੇ ਹਨ, ਤਾਂ ਯਾਕੂਬ ਨੇ ਉਨ੍ਹਾਂ ਨੂੰ ਹੋਰ ਪ੍ਰਸ਼ਨ ਕੀਤਾ: **ਉਹ ਚੰਗਾ ਭਲਾ ਹੈ?** ਉਹ ਸ਼ਬਦ ਜਿਸ ਦਾ ਅਨੁਵਾਦ "ਚੰਗਾ ਭਲਾ" ਕੀਤਾ ਗਿਆ ਹੈ ਉਹ שָׁלוֹם (*ਸ਼ਾਲੋਮ*) ਹੈ, ਜਿਸ ਦਾ ਅਰਥ ਅਕਸਰ "ਸ਼ਾਂਤੀ" ਹੁੰਦਾ ਹੈ; ਇੱਥੇ, ਇਹ ਦਿਮਾਗ ਅਤੇ ਸਰੀਰ ਦੀ ਆਮ ਸ਼ਾਂਤੀ ਦਾ ਪ੍ਰਤੀਕ ਹੈ। ਇਬਰਾਨੀ ਉਪਯੋਗ ਅੰਗ੍ਰੇਜ਼ੀ ਦੇ ਬਿਆਨ ਦੇ ਸਮਾਨ ਹੈ ਕਿ ਕੋਈ "ਚੰਗਾ ਭਲਾ" ਹੈ, ਜਿਸ ਦਾ ਅਰਥ ਹੈ "ਤੰਦਰੁਸਤ," ਜਾਂ "ਕਲਿਆਣ" ਦੀ ਭਾਵਨਾ ਹੈ।"[3] ਇਸ ਲਈ ਪਾਲੀਆਂ ਨੇ ਇੱਕ ਹੋਰ ਸਕਾਰਾਤਮਕ ਉੱਤਰ ਦਿੱਤਾ ਕਿ ਲਾਬਾਨ **ਚੰਗਾ ਭਲਾ** ਸੀ। ਫਿਰ ਉਨ੍ਹਾਂ ਨੇ ਕਿਹਾ, **ਵੇਖ ਉਹ ਦੀ ਧੀ ਰਾਖੇਲ ਭੇਡਾਂ ਨਾਲ ਲਗੀ ਆਉਂਦੀ ਹੈ।**

**ਆਇਤ 7.** ਗੱਲਬਾਤ ਦੇ ਦੌਰਾਨ ਯਾਕੂਬ ਦੇ ਚਰਿੱਤਰ ਦਾ ਇੱਕ ਵੱਖਰਾ ਪੱਖ ਸਪੱਸ਼ਟ ਹੋ ਗਿਆ, ਕਿਉਂਕਿ ਉਸ ਨੇ ਚਰਵਾਹਿਆਂ ਦੇ ਬੇਪਰਵਾਹ ਵਿਹਾਰ ਤੇ ਸਵਾਲ ਕੀਤਾ। ਉਸ ਨੂੰ ਇੰਝ ਜਾਪ ਰਿਹਾ ਸੀ ਕਿ ਇਹ ਆਦਮੀ ਖੂਹ ਦੇ ਉੱਤੇ ਆਪਣਾ ਸਮਾਂ ਬਰਬਾਦ ਕਰ ਰਹੇ ਸਨ। ਆਖਿਰਕਾਰ, ਇਹ **ਪਸ਼ੂਆਂ ਦੇ ਇਕੱਠੇ ਹੋਣ ਦਾ ਵੇਲਾ ਨਹੀਂ** ਸੀ, ਕਿਉਂਕਿ ਸੂਰਜ ਅਜੇ ਵੀ ਅਕਾਸ਼ ਦੇ ਵਿਚ **ਵੱਡਾ** ਸੀ। ਪੁਰਖੇ ਨੇ ਸੋਚਿਆ ਕਿ ਉਹ ਆਲਸੀ ਸਨ ਉਨ੍ਹਾਂ ਨੂੰ ਆਪਣੇ ਪਸ਼ੂਆਂ ਨੂੰ ਪਾਣੀ ਪਿਲਾ ਕੇ ਫਿਰ ਤੋਂ ਆਪਣੇ ਕੰਮ ਤੇ ਜਾਣਾ ਚਾਹੀਦਾ ਸੀ ਅਤੇ ਕੁਝ ਹੋਰ ਘੰਟੇ ਉਨ੍ਹਾਂ ਨੂੰ ਚਰਾਉਣਾ ਚਾਹੀਦਾ ਹੈ। ਸ਼ਾਇਦ ਇੱਕ ਰੁੱਖੇਪਣ ਵਿਚ, ਉਸ ਨੇ ਕਿਹਾ, **ਤੁਸੀਂ ਭੇਡਾਂ ਨੂੰ ਪਾਣੀ ਪਿਲਾ ਕੇ ਚਾਰਨ ਲਈ ਲੈ ਜਾਓ।** ਕਿਉਂਕਿ ਯਾਕੂਬ ਧੋਖਾ ਦੇਣ ਵਾਲੀ ਰਣਨੀਤੀ ਵਿਚ ਮਾਹਿਰ ਸੀ, ਇਸ ਲਈ ਇਹ ਵੀ ਸੰਭਵ ਹੈ ਕਿ ਪਾਲੀਆਂ ਦੇ ਪ੍ਰਤੀ ਉਸ ਦਾ ਇਹ ਬੇਅਦਬ ਵਿਹਾਰ ਉਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਲਈ ਇੱਕ ਚਾਲ ਹੋਵੇ ਤਾਂ ਕਿ ਉਹ ਰਾਖੇਲ ਦੇ ਨਾਲ ਖੂਹ ਦੇ ਉੱਤੇ ਕੁਝ ਸਮਾਂ ਇਕੱਲਾ ਬਿਤਾ ਸਕੇ।

**ਆਇਤ 8.** ਹੋ ਸਕਦਾ ਹੈ ਕਿ ਯਾਕੂਬ ਦੇ ਰਵੱਈਏ ਨੇ ਪਾਲੀਆਂ ਨੂੰ ਨਰਾਜ਼ ਕਰ ਦਿੱਤਾ ਹੋਵੇ, ਪਰ ਉਹ ਉਸ ਦੇ ਹੁਕਮ ਨਾਲ ਹਿੱਲੇ ਨਹੀਂ। ਉਨ੍ਹਾਂ ਨੇ ਇਹ ਕਹਿੰਦੇ ਹੋਏ ਉਸ ਦੀ ਆਲੋਚਨਾ ਦਾ ਉੱਤਰ ਦਿੱਤਾ, **ਅਸੀਂ ਅਜੇਹਾ ਨਹੀਂ ਕਰ ਸੱਕਦੇ ਜਦ ਤੀਕ ਸਾਰੇ ਇੱਜੜ ਇਕੱਠੇ ਨਾ ਹੋਣ।** ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਹੋਰਨਾਂ ਪਾਲੀਆਂ ਦਾ ਇੰਤਜ਼ਾਰ ਕਰ ਰਹੇ ਸਨ ਕਿ ਉਹ ਆਪਣੇ ਇੱਜੜਾਂ ਨੂੰ ਲੈ ਕੇ ਆ ਜਾਣ ਤਾਂਕਿ ਉਹ **ਉਸ ਪੱਥਰ ਨੂੰ ਖੂਹ ਦੇ ਮੂੰਹ ਉੱਤੋਂ ਰੇੜ੍ਹਨ** ਤਦ ਤੀਕ **ਅਸੀਂ ਭੇਡਾਂ ਨੂੰ ਪਾਣੀ ਨਾ ਪਿਲਾਵਾਂਗੇ।** ਉਨ੍ਹਾਂ ਦੀ ਵਿਆਖਿਆ ਉਸ ਨਾਲ ਮੇਲ ਖਾਂਦੀ ਹੈ ਜੋ ਲਿਖਤ ਵਿਚ 29:3 ਵਿਚ ਪਹਿਲਾਂ ਤੋਂ ਹੀ ਦੱਸਿਆ ਗਿਆ ਹੈ। ਉਨ੍ਹਾਂ ਨੇ ਜੋ ਕੁਝ ਵੀ ਕਿਹਾ, ਯਾਕੂਬ ਨੇ ਉਨ੍ਹਾਂ ਦੇ ਰੀਤਿ-ਰਿਵਾਜ਼ ਦੇ ਅਨੁਸਾਰ ਦੇਰ ਨਹੀਂ ਕੀਤੀ।

**ਆਇਤ 9.** ਪਾਲੀਆਂ ਦੇ ਨਾਲ ਗੱਲਾਂ ਕਰਦੇ ਕਰਦੇ, **ਰਾਖੇਲ ਪਾਲਣ ਆਪਣੇ ਪਿਤਾ ਦੀਆਂ ਭੇਡਾਂ ਦੇ ਨਾਲ** ਆ ਗਈ। ਉਸ ਦਾ ਅਚਾਨਕ ਆਉਣਾ ਪਰਮੇਸ਼ੁਰ ਦੇ ਕੰਮ ਦਾ ਇੱਕ ਹੋਰ ਸਬੂਤ ਹੈ (ਵੇਖੋ 24:15)।

**ਆਇਤ 10. ਰਾਖੇਲ** ਉਸ ਦੇ **ਮਾਮੇ ਲਾਲਾਬ ਦੀ ਧੀ** ਸੀ। ਉਸ ਨੂੰ ਵੇਖ ਕੇ, **ਯਾਕੂਬ**, ਆਪਣੇ ਜੋਸ਼ ਨਾਲ, ਉਸ ਵਿਚ ਇੰਨੀ ਸ਼ਕਤੀ ਆ ਗਈ ਕਿ ਉਸ ਨੇ **ਪੱਥਰ ਨੂੰ ਖੂਹ ਦੇ ਮੂੰਹ ਤੋਂ ਰੇੜ੍ਹਿਆ।**

ਇਹ ਇੱਕ ਕਮਾਲ ਸੀ; ਆਮ ਤੌਰ ਤੇ, ਇਸ ਨੂੰ ਰੇੜ੍ਹਣ ਦੇ ਲਈ ਕਈ ਪਾਲੀਆਂ ਦੀ ਲੋੜ ਹੁੰਦੀ ਸੀ। ਇਸ ਤੋਂ ਇਲਾਵਾ, ਯਾਕੂਬ ਨੇ **ਇੱਜੜ ਨੂੰ ਪਾਣੀ ਪਿਲਇਆ** ਜੋ ਉਸ ਦੇ ਮਾਮੇ ਲਾਬਾਨ ਦੀ ਇੱਜੜ ਸੀ। 29:9 ਵਿਚ ਤਿੰਨ ਵਾਰੀ, ਲਿਖਤ **ਇੱਜੜ** ਦਾ ਹਵਾਲਾ ਦਿੰਦੀ ਹੈ ਕਿ ਰਾਖੇਲ ਆਪਣੇ ਪਿਤਾ **ਲਾਬਾਨ** ਨਾਲ ਸੰਬੰਧ ਰੱਖਦੀ ਸੀ। ਲਾਬਾਨ ਦੇ ਇੱਜੜ ਦੇ ਵਾਰ ਵਾਰ ਦੁਹਰਾਏ ਜਾਣ ਵਾਲ ਹਵਾਲੇ ਸ਼ਾਇਦ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਯਾਕੂਬ ਜਾਨਵਰਾਂ ਨੂੰ ਪਾਣੀ ਪਿਲਾ ਕੇ ਆਪਣੇ ਮਾਮੇ ਅਤੇ ਰਾਖੇਲ ਦੋਵਾਂ ਦਾ ਦਿਲ ਜਿੱਤਣਾ ਚਾਹੁੰਦਾ ਸੀ। ਆਖਿਰਕਾਰ, ਉਸ ਦੇ ਕੋਲ ਆਪਣੇ ਆਪ ਤੋਂ ਛੁੱਟ ਹੋਰ ਕੁਝ ਨਹੀਂ ਸੀ ਨਾ ਹੀ ਲਾੜੀ ਦਾ ਮੁੱਲ, ਨਾ ਹੀ ਕੋਈ ਹੋਰ ਚੀਜ਼ ਜਿਸ ਦੇ ਨਾਲ ਉਹ ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕੇ।

**ਆਇਤਾਂ 11, 12.** ਆਪਣੀ ਮੰਜ਼ਲ ਤੱਕ ਪਹੁੰਚਣ ਦੇ ਲਈ ਪ੍ਰਭੂ ਦੇ ਮਾਰਗ ਦਰਸ਼ਣ ਦੇ ਲਈ ਮੂੰਹ ਤੋਂ ਉਸ ਦਾ ਧੰਨਵਾਦ ਕਰਨ ਦੀ ਬਜਾਇ, ਜਿਵੇਂ ਅਬਰਾਹਾਮ ਦੇ ਨੌਕਰ ਨੇ ਕੀਤਾ ਸੀ (24:26, 27), **ਯਾਕੂਬ ਨੇ ਰਾਖੇਲ ਨੂੰ ਚੁੰਮਿਆ ਅਰ ਉੱਚੀ ਉੱਚੀ ਰੋਇਆ**।[4] ਰੂੜ੍ਹੀਵਾਦੀ ਪ੍ਰਾਚੀਨ ਨੇੜਲੇ ਪੂਰਬ ਵਿਚ, ਇੱਕ ਅਜਨਬੀ ਦੇ ਦੁਆਰਾ ਇੱਕ ਜਵਾਨ ਇਸਤਰੀ ਦੇ ਚੁੰਮਣ ਨੂੰ ਸ਼ਾਇਦ ਸੰਸਕ੍ਰਿਤਕ ਮਾਪਦੰਡਾਂ ਦਾ ਉਲੰਘਣ ਮੰਨਿਆ ਜਾਂਦਾ ਸੀ। ਉਸ ਦੀ ਉਤਸੁਕਤਾ ਦੇ ਗੰਭੀਰ ਨਤੀਜੇ ਨਿਕਲ ਸਕਦੇ ਸਨ। ਪਰ, ਉਨ੍ਹਾਂ ਦੋਵਾਂ ਦੇ ਮਿਲਣ ਤੇ ਯਾਕੂਬ ਦੇ ਅੱਥਰੂ ਇਸ ਗੱਲ ਦੀ ਸਾਫ ਗਵਾਹੀ ਸਨ ਕਿ ਉਸ ਦਾ ਇਹ ਵਿਹਾਰ ਸਨਮਾਨਯੋਗ ਸੀ। ਉਸ ਨੇ ਉਸੇ ਵੇਲੇ **ਰਾਖੇਲ ਨੂੰ ਦੱਸਿਆ ਕਿ ਮੈਂ ਤੇਰੇ ਪਿਤਾ ਦਾ ਸਾਕ ਹਾਂ ਅਰ ਮੈਂ ਰਿਬਕਾਹ ਦਾ ਪੁੱਤ੍ਰ ਹਾਂ**। ਜਦੋਂ ਉਸ ਨੇ ਇਹ ਸੁਣਿਆ, ਤਾਂ **ਰਾਖੇਲ** ਨੱਠ ਕੇ ਨਗਰ ਵਿਚ ਗਈ ਅਤੇ **ਆਪਣੇ ਪਿਤਾ ਨੂੰ ਦੱਸਿਆ**।

**ਆਇਤ 13.** ਖੂਹ ਉੱਤੇ ਜੋ ਰਾਖੇਲ ਦੀ ਮੁਸ਼ਕਲ ਸੀ ਉਸ ਨੂੰ ਯਾਕੂਬ ਨੇ ਪੱਥਰ ਨੂੰ ਪਰੇ ਰੇੜ੍ਹ ਕੇ ਅਤੇ ਉਸ ਦੇ ਇੱਜੜ ਨੂੰ ਪਾਣੀ ਪਿਲਾ ਕੇ ਤੁਰੰਤ ਦੂਰ ਕਰ ਦਿੱਤਾ ਸੀ। ਉਸੇ ਤਰ੍ਹਾਂ, ਜਦੋਂ **ਲਾਬਾਨ ਨੇ ਆਪਣੇ ਭਾਣਜੇ** [ਰਿਬਕਾਹ ਦੇ ਪੁੱਤਰ]**ਦੀ ਖਬਰ ਸੁਣੀ** ਕਿ ਉਹ ਕਨਾਨ ਤੋਂ ਆਇਆ ਸੀ, ਤੰ ਉਹ ਉਸ ਦਾ ਸਵਾਗਤ ਕਰਨ ਦੇ ਲਈ ਨੱਠਾ। ਲਿਖਤ ਕਹਿੰਦੀ ਹੈ ਕਿ ਉਸ ਨੇ **ਜੱਫੀ ਪਾਕੇ ਉਸ ਨੂੰ ਚੁੰਮਿਆ**।[5] ਇਸ ਕਿਸਮ ਦੇ ਭਾਵਨਾਤਮਕ ਪ੍ਰਦਰਸ਼ਣ ਪਿਤਪੁਰਖਾਂ ਦੀ ਸੰਸਕ੍ਰਿਤੀ ਵਿਚ ਵਿਸ਼ੇਸ਼ ਸਨ ਅਤੇ ਅੱਜ ਵੀ ਕੁਝ ਸਮਾਜਾਂ ਵਿਚ ਅਜਿਹਾ ਹੀ ਜਾਰੀ ਹੈ। ਯਾਕੂਬ ਦਾ ਇੰਨਾ ਨਿੱਘਾ ਸਵਾਗਤ ਕਰਨ ਤੋਂ ਬਾਅਦ ਉਹ **ਉਸ ਨੂੰ** ਹਾਰਾਨ ਵਿਚ **ਆਪਣੇ ਘਰ ਲੈ ਆਇਆ**।

ਇਹ ਕੁਝ ਹੱਦ ਤੱਕ ਉਨ੍ਹਾਂ ਘਟਨਾਵਾਂ ਦਾ ਦੁਹਰਾਇਆ ਜਾਣਾ ਸੀ ਕਈ ਸਾਲ ਪਹਿਲਾਂ, ਅਬਰਾਹਾਮ ਦੇ ਨੌਕਰ ਦੇ ਆਉਣ ਦੇ ਸਮੇਂ ਤੇ ਹੋਈਆਂ ਸਨ। ਉਹ ਲਾਬਾਨ ਦੀ ਭੈਣ ਰਿਬਕਾਹ ਦੇ ਲਈ ਲਾੜੀ ਦੀ ਕੀਮਤ ਦੇ ਰੂਪ ਵਿਚ ਦਸ ਊਠਾਂ ਨੂੰ ਸੋਨੇ, ਚਾਂਦੀ ਅਤੇ ਹੋਰ ਕੀਮਤੀ ਤੋਹਫ਼ਿਆਂ ਦੇ ਨਾਲ ਲੱਦ ਕੇ ਲਿਆਇਆ ਸੀ (24:10)। ਨੌਕਰ ਦੇ ਨਾਲ ਖੂਹ ਤੇ ਮੁਲਾਕਾਤ ਕਰਨ ਤੋਂ ਬਾਅਦ, ਉਹ ਘਰ ਨੂੰ ਭੱਜ ਗਈ ਅਤੇ ਆਪਣੇ ਪਰਿਵਾਰ ਨੂੰ ਦੱਸਿਆ। ਨਤੀਜੇ ਵਜੋਂ, ਲਾਬਾਨ ਉਸ ਨੌਕਰ ਨੂੰ ਮਿਲਣ ਦੇ ਲਈ ਚਸ਼ਮੇ ਤੇ ਨੱਠ ਗਿਆ ਸੀ (24:29)। 29:13 ਵਿਚ, ਕੀ ਲਾਬਾਨ ਇਸ ਲਈ ਜਲਦੀਬਾਜੀ ਨਾਲ ਆਪਣੇ ਭਤੀਜੇ ਨੂੰ ਮਿਲਣ ਦੇ ਲਈ ਨਿਕਲਿਆ ਸੀ ਕਿ ਉਸ ਨੂੰ ਆਸ ਸੀ ਕਿ ਇਸ ਅਮੀਰ ਪਰਿਵਾਰ ਦੇ ਕੋਲੋਂ ਉਸ ਨੂੰ ਹੋਰ ਵੀ ਧਲ-ਦੌਲਤ ਮਿਲੇਗੀ? ਜੇਕਰ ਅਜਿਹਾ ਹੁੰਦਾ, ਤਾਂ ਉਸ ਨੇ ਉਸੇ ਵੇਲੇ ਨਿਰਾਸ਼ ਹੋ ਜਾਣਾ ਸੀ। ਯਾਕੂਬ ਨੂੰ ਥੋੜੇ ਜਿਹੇ ਕੱਪੜਿਆਂ ਨਾਲ ਭੇਜ ਦਿੱਤਾ ਗਿਆ ਸੀ ਜੋ ਉਸ ਨੇ ਪਹਿਨੇ ਹੋਏ ਸਨ।

ਜਦਕਿ ਯਾਕੂਬ ਨੇ **ਲਾਬਾਨ ਨੂੰ ਸਾਰੀਆਂ ਗੱਲਾਂ ਦੱਸੀਆਂ**, ਤਾਂ ਉਸ ਨੇ ਆਪਣੇ ਭੂਤ ਕਾਲ ਨੂੰ

ਕਿੰਨਾ ਕੁ ਉਜਾਗਰ ਕੀਤਾ ਸੀ? ਆਪਣੇ ਪਿਛਲੇ ਰਿਕਾਰਡ ਦੇ ਨਾਲ, ਯਾਕੂਬ ਨੇ ਲਾਬਾਨ ਨੂੰ ਸ਼ਾਇਦ ਕੁਝ ਚੁਣੀ ਹੋਈ ਜਾਣਕਾਰੀ ਹੀ ਦਿੱਤੀ ਸੀ, ਤਾਂ ਕਿ ਉਸ ਨੂੰ ਬੁਰਾ ਨਾ ਲੱਗੇ ਅਤੇ ਉਹ ਨਿਰਾਸ਼ ਨਾ ਹੋਵੇ। ਕਿਉਂਕਿ ਯਾਕੂਬ ਹਾਰਾਨ ਦੇ ਵਿਚ ਬਿਨਾਂ ਕਿਸੇ ਤੋਹਫ਼ੇ ਜਾਂ ਵਿੱਤੀ ਸੰਪਤੀ ਦੇ ਨਾਲ ਨਹੀਂ ਆਇਆ ਸੀ, ਤਾਂ ਲਾਬਾਨ ਨੂੰ ਸਮਝ ਆ ਗਈ ਹੋਵੇਗੀ ਉਸ ਵੇਲੇ ਉਸ ਦੀ ਸਥਿਤੀ ਅਜਿਹੀ ਨਹੀਂ ਸੀ ਜਿਹੀ ਹੋਣੀ ਚਾਹੀਦੀ ਸੀ। ਇਸ ਦਾ ਅਰਥ ਇਹ ਸੀ ਕਿ ਯਾਕੂਬ ਉਸ ਦੀ ਦਯਾ ਤੇ ਨਿਰਭਰ ਸੀ, ਕਿਉਂਕਿ ਉਹ ਹੋਰ ਕਿਤੇ ਵੀ ਜਾ ਨਹੀਂ ਸਕਦਾ ਸੀ।

**ਆਇਤ 14. ਲਾਬਾਨ** ਨੇ ਇਹ ਕਹਿੰਦੇ ਹੋਏ ਯਾਕੂਬ ਦਾ ਨਿੱਘਾ ਸਵਾਗਤ ਕੀਤਾ, **ਤੂੰ ਸੱਚ ਮੁੱਚ ਮੇਰੀ ਹੱਡੀ ਅਰ ਮੇਰਾ ਮਾਸ ਹੈਂ।** ਇਹ ਉਸ ਨੂੰ ਇੱਕ ਨਜ਼ਦੀਕੀ ਰਿਸ਼ਤੇਦਾਰ ਮੰਨਣ ਦਾ ਇੱਕ ਵਿਸ਼ੇਸ਼ ਤਰੀਕਾ ਸੀ (ਵੇਖੋ 2:23; 37:27; ਨਿਆਈਆਂ 9:2; 2 ਸਮੂਏਲ 5:1; 19:12, 13)। ਲਾਬਾਨ ਨੇ ਆਪਣੇ ਭਤੀਜੇ ਨੂੰ ਸੱਦਾ ਦਿੱਤਾ ਕਿ ਉਹ ਆਵੇ ਅਤੇ ਉਸ ਦੇ ਪਰਿਵਾਰ ਨੂੰ ਮਿਲੇ ਅਤੇ ਉਨ੍ਹਾਂ ਦੇ ਨਾਲ ਰਹੇ। ਯਾਕੂਬ ਨੇ ਧੰਨਵਾਦ ਸਹਿਤ ਉਸ ਦੀ ਮੇਜ਼ਬਾਨੀ ਨੂੰ ਸਵੀਕਾਰ ਕਰ ਲਿਆ ਅਤੇ **ਮਹੀਨਾਕੁ** ਉਨ੍ਹਾਂ ਦੇ ਨਾਲ **ਰਿਹਾ**। ਹੋ ਸਕਦਾ ਹੈ ਕਿ ਇਸ ਸਮੇਂ ਦੇ ਦੌਰਾਨ ਲਾਬਾਲ ਨੇ ਇਹ ਹਿਸਾਬ ਲਗਾਉਣ ਦੇ ਲਈ ਕਿ ਯਾਕੂਬ ਉਸ ਦਾ ਸੰਭਾਵੀ ਜਵਾਈ ਹੋ ਸਕਦਾ ਹੈ ਕਿ ਨਹੀਂ ਅਤੇ ਉਹ ਮਾਲਾਮਾਲ ਹੋਣ ਦੇ ਲਈ ਇਸ ਮੌਕੇ ਦਾ ਫਾਇਦਾ ਚੁੱਕ ਸਕਦਾ ਹੈ। ਇਸ ਦੇ ਨਾਲ ਨਾਲ, ਇਸ ਨੇ ਯਾਕੂਬ ਨੂੰ ਕਾਫੀ ਸਮਾਂ ਦਿੱਤਾ ਕਿ ਉਹ ਰਾਖੇਲ ਦੇ ਲਈ ਆਪਣੀ ਚਾਹਤ ਨੂੰ ਵਧਾ ਸਕੇ – ਇੱਕ ਐਨੀ ਦ੍ਰਿੜ ਚਾਹਤ ਕਿ ਉਹ ਉਸ ਦੇ ਨਾਲ ਵਿਆਹ ਕਰਵਾਉਣ ਦੇ ਲਈ ਬਹੁਤ ਸਾਲਾਂ ਤੱਕ ਆਪਣੇ ਮਾਮੇ ਦੀ ਸੇਵਾ ਕਰਨ ਦੇ ਲਈ ਤਿਆਰ ਹੋ ਗਿਆ। ਜਿਵੇਂ ਹੀ ਲਾਬਾਨ ਨੇ ਆਪਣੀ ਯੋਜਨਾ ਤਿਆਰ ਕਰ ਲਈ, ਤਾਂ ਉਹ ਯਾਕੂਬ ਦੇ ਨਾਲ ਆਪਣੇ ਧੋਖੇਬਾਜ਼ੀ ਦੇ ਵਿਹਾਰ ਵਿਚ ਪਾਰ ਨਿਕਲ ਗਿਆ।

## ਲੇਆਹ ਅਤੇ ਰਾਖੇਲ ਬਾਰੇ ਲਾਬਾਨ ਦਾ ਯਾਕੂਬ ਨੂੰ ਧੋਖਾ ਦੇਣਾ (29:15-30)

**[15]ਫੇਰ ਲਾਬਾਨ ਨੇ ਯਾਕੂਬ ਨੂੰ ਆਖਿਆ ਕਿ ਏਸ ਕਾਰਨ ਕਿ ਤੂੰ ਮੇਰਾ ਸਾਕ ਹੈਂ ਕੀ ਮੇਰੀ ਟਹਿਲ ਮੁਖਤ ਹੀ ਕਰੇਂਗਾ? ਮੈਨੂੰ ਦੱਸ, ਕੀ ਤਲਬ ਲਵੇਂਗਾ? [16]ਲਾਬਾਨ ਦੀਆਂ ਦੋ ਧੀਆਂ ਸਨ; ਵੱਡੀ ਦਾ ਨਾਉਂ ਲੇਆਹ ਅਰ ਨਿੱਕੀ ਦਾ ਨਾਉਂ ਰਾਖੇਲ ਸੀ। [17]ਅਤੇ ਲੇਆਹ ਦੀਆਂ ਅੱਖੀਆਂ ਚੁੰਨ੍ਹੀਆਂ ਸਨ ਪਰ ਰਾਖੇਲ ਰੂਪਵੰਤ ਅਤੇ ਵੇਖਣ ਵਿੱਚ ਸੋਹਣੀ ਸੀ। [18]ਯਾਕੂਬ ਰਾਖੇਲ ਨੂੰ ਪਿਆਰ ਕਰਦਾ ਸੀ ਤਾਂ ਉਸ ਆਖਿਆ, ਮੈਂ ਤੇਰੀ ਨਿੱਕੀ ਧੀ ਰਾਖੇਲ ਲਈ ਸੱਤ ਵਰਹੇ ਤੇਰੀ ਟਹਿਲ ਕਰਾਂਗਾ। [19]ਅੱਗੋਂ ਲਾਬਾਨ ਨੇ ਆਖਿਆ, ਉਹ ਨੂੰ ਕਿਸੇ ਦੂਜੇ ਨੂੰ ਦੇਣ ਨਾਲੋਂ ਤੈਨੂੰ ਦੇਣਾ ਚੰਗਾ ਹੈ। ਤੂੰ ਮੇਰੇ ਨਾਲ ਰਹੁ। [20]ਯਾਕੂਬ ਨੇ ਰਾਖੇਲ ਲਈ ਸੱਤ ਵਰਹੇ ਟਹਿਲ ਕੀਤੀ ਅਤੇ ਉਹ ਦੀਆਂ ਅੱਖਾਂ ਵਿੱਚ ਉਹ ਦੇ ਪ੍ਰੇਮ ਦੇ ਕਾਰਨ ਉਹ ਥੋੜੇ ਦਿਨਾਂ ਦੇ ਬਰਾਬਰ ਸਨ। [21]ਤਾਂ ਯਾਕੂਬ ਨੇ ਲਾਬਾਨ ਨੂੰ ਆਖਿਆ, ਮੇਰੀ ਵਹੁਟੀ ਮੈਨੂੰ ਦੇਹ ਕਿਉਂਜੋ ਮੇਰੇ ਦਿਨ ਸੰਪੂਰਣ ਹੋ ਗਏ ਹਨ ਤਾਂ ਜੋ ਮੈਂ ਉਸ ਦੇ ਕੋਲ ਜਾਵਾਂ। [22]ਤਦ ਲਾਬਾਨ ਨੇ ਉਸ ਥਾਂ ਦੇ ਸਭ ਮਨੁੱਖਾਂ ਨੂੰ ਇਕੱਠੇ ਕਰ ਕੇ ਵੱਡਾ ਖਾਣਾ ਦਿੱਤਾ। [23]ਤੇ ਸ਼ਾਮਾਂ ਵੇਲੇ ਐਉਂ ਹੋਇਆ ਕਿ ਉਹ ਆਪਣੀ ਧੀ ਲੇਆਹ ਨੂੰ ਲੈਕੇ ਉਸ ਦੇ ਕੋਲ ਆਇਆ ਅਤੇ ਉਹ ਉਹ ਦੇ ਕੋਲ ਗਿਆ। [24]ਲਾਬਾਨ ਨੇ ਉਹ ਨੂੰ ਜਿਲਫਾਹ ਆਪਣੀ ਗੋੱਲੀ ਦਿੱਤੀ ਤਾਂ ਜੋ ਉਹ ਦੀ ਧੀ ਲੇਆਹ ਲਈ ਗੋੱਲੀ ਹੋਵੇ। [25]ਜਾਂ ਸਵੇਰਾ ਹੋਇਆ ਤਾਂ ਵੇਖੋ ਉਹ ਲੇਆਹ ਸੀ**

**ਤਾਂ ਓਸ ਲਾਬਾਨ ਨੂੰ ਆਖਿਆ, ਤੈਂ ਮੇਰੇ ਨਾਲ ਏਹ ਕੀ ਕੀਤਾ? ਕੀ ਰਾਖੇਲ ਲਈ ਮੈਂ ਤੇਰੀ ਟਹਿਲ ਨਹੀਂ ਕੀਤੀ? ਫੇਰ ਤੂੰ ਮੇਰੇ ਨਾਲ ਧੋਖਾ ਕਿਉਂ ਕਮਾਇਆ? [26]ਲਾਬਾਨ ਨੇ ਆਖਿਆ, ਸਾਡੇ ਦੇਸ ਵਿੱਚ ਐਉਂ ਨਹੀਂ ਹੁੰਦਾ ਕਿ ਨਿੱਕੀ ਨੂੰ ਪਲੋਠੀ ਤੋਂ ਪਹਿਲਾਂ ਦੇਈਏ। [27]ਇਹਦਾ ਸਾਤਾ ਪੂਰਾ ਕਰ ਤਾਂ ਮੈਂ ਤੈਨੂੰ ਏਹ ਵੀ ਉਸ ਟਹਿਲ ਦੇ ਬਦਲੇ ਜਿਹੜੀ ਤੂੰ ਮੇਰੇ ਲਈ ਹੋਰ ਸੱਤਾਂ ਵਰਿਹਾਂ ਤੀਕ ਕਰੇਂਗਾ ਦੇ ਦਿਆਂਗਾ। [28]ਯਾਕੂਬ ਏਸੇ ਤਰਾਂ ਕੀਤਾ ਅਰ ਏਹਦਾ ਸਾਤਾ ਪੂਰਾ ਕੀਤਾ ਤਦ ਉਸ ਉਹ ਨੂੰ ਆਪਣੀ ਧੀ ਰਾਖੇਲ ਵਿਆਹ ਦਿੱਤੀ। [29]ਤਾਂ ਲਾਬਾਨ ਨੇ ਆਪਣੀ ਧੀ ਰਾਖੇਲ ਲਈ ਆਪਣੀ ਗੋੱਲੀ ਬਿਲਹਾਹ ਨੂੰ ਉਸ ਦੀ ਗੋੱਲੀ ਹੋਣ ਲਈ ਦੇ ਦਿੱਤਾ। [30]ਅਰ ਉਹ ਰਾਖੇਲ ਕੋਲ ਵੀ ਗਿਆ ਕਿਉਂਜੋ ਉਹ ਰਾਖੇਲ ਨੂੰ ਲੇਆਹ ਨਾਲੋਂ ਵੱਧ ਪ੍ਰੇਮ ਕਰਦਾ ਸੀ ਤੇ ਉਹ ਨੇ ਹੋਰ ਸੱਤ ਵਰਹੇ ਉਸ ਦੀ ਟਹਿਲ ਕੀਤੀ।**

**ਆਇਤ 15.** ਇਹ ਲਿਖਤ ਇਸ ਗੱਲ ਨੂੰ ਪਰਗਟ ਨਹੀਂ ਕਰਦੀ ਕਿ ਆਪਣੇ ਰਿਸ਼ਤੇਦਾਰਾਂ ਦੇ ਨਾਲ ਰਹਿੰਦਿਆਂ ਹੋਇਆਂ ਉਸ ਨੇ ਕਿਸ ਤਰੀਕੇ ਦੇ ਨਾਲ ਆਪਣਾ ਸਮਾਂ ਬਿਤਾਇਆ, ਪਰ ਇਹ ਮੰਨਣਾ ਉਚਿਤ ਹੈ ਕਿ ਉਸ ਨੇ ਆਪਣੇ ਦੋ ਟੀਚਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਸੀ: (1) ਉਹ ਆਪਣੇ ਮਾਮੇ ਲਾਬਾਨ ਤੇ ਪ੍ਰਭਾਵ ਪਾਉਣਾ ਚਾਹੁੰਦਾ ਸੀ ਕਿ ਉਹ ਇੱਕ ਸਖਤ ਮੇਹਨਤ ਕਰਨ ਵਾਲਾ ਹੈ ਅਤੇ ਉਹ ਉਸ ਦੀ ਧੀ ਰਾਖੇਲ ਨੂੰ ਚੰਗੀ ਤਰ੍ਹਾਂ ਨਾਲ ਰੱਖ ਸਕਦਾ ਹਾਂ। ਇਸ ਲਈ ਉਹ ਹਰ ਰੋਜ਼ ਉਸ ਦੇ ਨਾਲ ਬਾਹਰ ਚਲਾ ਜਾਂਦਾ ਸੀ ਅਤੇ ਉਸ ਦੇ ਨਾਲ ਇੱਕ ਪਾਲੀ ਦਾ ਕੰਮ ਕਰਦਾ, ਅਤੇ ਘਰ ਦੇ ਹੋਰ ਵੀ ਕੰਮ ਕਾਰ ਕਰਦਾ ਸੀ। (2) ਉਹ ਰਾਖੇਲ ਨੂੰ ਹੋਰ ਵੀ ਚੰਗੀ ਤਰ੍ਹਾਂ ਦੇ ਨਾਲ ਜਾਣਨਾ ਚਾਹੁੰਦਾ ਸੀ ਅਤੇ ਉਸ ਦੇ ਦਿਲ ਨੂੰ ਜਿੱਤਣਾ ਚਾਹੁੰਦਾ ਸੀ, ਤਾਂ ਕਿ ਉਹ ਉਸ ਦੇ ਨਾਲ ਉਸੇ ਤਰ੍ਹਾਂ ਕਨਾਨ ਜਾਣ ਦੇ ਲਈ ਤਿਆਰ ਹੋ ਜਾਵੇ, ਜਿਵੇਂ ਉਸ ਦੀ ਭੂਆ ਰਿਬਕਾਹ ਇਸਹਾਕ ਦੇ ਨਾਲ ਵਿਆਹ ਕਰਨ ਦੇ ਲਈ ਕਈ ਸਾਲ ਪਹਿਲਾਂ ਗਈ ਸੀ।

ਮਹੀਨੇ ਦੇ ਅੰਤ ਵਿਚ, ਯਾਕੂਬ ਦੇ ਮਾਮੇ ਨੇ ਉਸ ਨੂੰ ਕਿਹਾ, "ਏਸ ਕਾਰਨ ਕਿ ਤੂੰ ਮੇਰਾ ਸਾਕ ਹੈਂ ਕੀ ਮੇਰੀ ਟਹਿਲ ਮੁਖਤ ਹੀ ਕਰੇਂਗਾ?" ਉਸ ਨੇ ਅੱਗੇ ਬੇਨਤੀ ਕੀਤੀ, **ਮੈਨੂੰ ਦੱਸ, ਕੀ ਤੂੰ ਕੀ ਤਲਬ ਲਵੇਂਗਾ?** ਉੱਪਰੋਂ ਉੱਪਰੋਂ, ਲਾਬਾਨ ਦੇ ਪ੍ਰਸ਼ਨ ਬਹੁਤ ਹੀ ਖੁੱਲ ਦਿਲੀ ਅਤੇ ਦੋਸਤਾਨਾ ਸੁਣਾਈ ਦਿੰਦੇ ਹਨ। ਉਹ ਆਪਣੇ ਭਤੀਜੇ ਦੀਆਂ ਸੇਵਾਵਾਂ ਦੇ ਲਈ ਭੁਗਤਾਨ ਕਰਨ ਦੀ ਪੇਸ਼ਕਸ਼ ਕਰ ਰਿਹਾ ਸੀ। ਯਾਕੂਬ ਇਸ ਗੱਲ ਨੂੰ ਕਿਸੇ ਵੀ ਤਰ੍ਹਾਂ ਨਹੀਂ ਜਾਣ ਸਕਦਾ ਸੀ ਕਿ, ਉਸ ਦੇ ਕੰਮ ਅਤੇ ਮਜ਼ਦੂਰੀ ਆਉਣ ਵਾਲੇ ਕਈ ਸਾਲਾਂ ਦੇ ਲਈ ਉਨ੍ਹਾਂ ਦੇ ਵਿਚਕਾਰ ਝਗੜੇ ਦਾ ਕਾਰਣ ਬਣਨਗੇ, ਜਾਂ ਉਹ ਆਪਣੇ ਮਾਮੇ ਦੇ ਹੱਥੋਂ ਸ਼ੋਸ਼ਣ ਦਾ ਸ਼ਿਕਾਰ ਹੋਵੇਗਾ (ਵੇਖੋ 31:38-42)।

**ਆਇਤ 16.** ਇਸ ਬਿੰਦੂ ਤੇ, ਪਿਛੋਕੜ ਦੀ ਮਹੱਤਵਪੂਰਣ ਜਾਣਕਾਰੀ ਦੇਣ ਦੇ ਲਈ ਲੇਖਕ ਨੇ ਮੁੱਖ ਕਹਾਣੀ ਨੂੰ ਇੱਥੇ ਹੀ ਛੱਡ ਦਿੱਤਾ ਹੈ। ਉਸ ਨੇ ਸਮਝਾਇਆ ਕਿ (ਅਸਲ ਵਿਚ) **ਲਾਬਾਨ ਦੀਆਂ ਦੋ ਧੀਆਂ ਸਨ। ਵੱਡੀ ਦਾ ਨਾਉਂ ਲੇਆਹ ਅਰ ਨਿੱਕੀ ਦਾ ਨਾਉਂ ਰਾਖੇਲ ਸੀ।**[6] ਕੁਝ ਆਧੁਨਿਕ ਧਾਰਣਾਵਾਂ ਦੇ ਉਲਟ, ਲੇਆਹ ਨਾਮ ਦਾ ਅਰਥ "ਗਾਂ" ਰਾਖੇਲ ਦੇ ਨਾਉਂ ਦੀ ਤੁਲਨਾ ਵਿਚ ਜਿਸ ਦਾ ਅਰਥ "ਭੇਡ" ਅਪਮਾਨਜਨਕ ਨਹੀਂ ਸੀ। ਦੋਵੇਂ ਨਾਉਂ ਉਨ੍ਹਾਂ ਧੀਆਂ ਦੇ ਲਈ ਉਚਿਤ ਸਨ ਜੋ ਪਾਲੀਆਂ ਦੇ ਘਰਾਂ ਵਿਚ ਪੈਦਾ ਹੁੰਦੀਆਂ ਸਨ ਕਿਉਂਕਿ ਉਹ ਆਪਣੇ ਜਾਨਵਰਾਂ ਨੂੰ ਮੁੱਲਵਾਨ ਸਮਝਦੇ ਸਨ। ਦੁੱਖ ਦੀ ਗੱਲ ਇਹ ਹੈ ਕਿ ਲਾਬਾਨ ਨੇ ਆਪਣੀਆਂ ਧੀਆਂ ਦੇ ਨਾਲ ਜਾਨਵਰਾਂ ਵਰਗਾ ਵਿਹਾਰ ਹੀ ਕੀਤਾ ਸੀ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਦੇ ਨਾਲ ਉਂਝ ਹੀ ਕੀਤਾ ਜਿਵੇਂ ਇੱਕ ਸੌਦੇਬਾਜ਼ ਆਪਣੇ ਮਾਲ ਦੀ ਸੌਦੇਬਾਜ਼ੀ ਕਰਦਾ ਹੈ। ਇਹ ਸਿਰਫ ਸੰਸਕ੍ਰਿਤੀ ਦਾ

ਮਾਮਲਾ ਹੀ ਨਹੀਂ ਸੀ। ਬਾਅਦ ਵਿਚ, ਇਨ੍ਹਾਂ ਦੋਵਾਂ ਇਸਤਰੀਆਂ ਨੇ ਉਸ ਤਰੀਕੇ ਦੇ ਵਿਸ਼ੇ ਵਿਚ ਨਰਾਜ਼ਗੀ ਜਾਹਿਰ ਕੀਤੀ ਜਿਵੇਂ ਉਸ ਨੇ ਉਨ੍ਹਾਂ ਨੂੰ "ਵੇਚ" ਲਿਆ ਸੀ ਅਤੇ "[ਉਨ੍ਹਾਂ ਦੀ] ਚਾਂਦੀ ਵੀ ਖਾ ਗਿਆ" (31:15)।

**ਆਇਤ 17.** ਲਾਬਾਨ ਦੀਆਂ ਦੋਵੇਂ ਧੀਆਂ ਸਿਰਫ ਆਪਣੀ ਉਮਰ ਦੇ ਕਾਰਣ ਹੀ ਵੱਖ ਨਹੀਂ ਸਨ ਪਰ ਉਨ੍ਹਾਂ ਵੇਖਣ ਵਿਚ ਵੀ ਇੱਕ ਦੂਜੀ ਤੋਂ ਵੱਖਰੀਆਂ ਸਨ। NASB ਦੇ ਅਨੁਸਾਰ, ਲੇਆਹ ਦੀਆਂ **ਅੱਖਾਂ ਚੁੰਨ੍ਹੀਆਂ ਸਨ ਪਰ ਰਾਖੇਲ ਰੂਪਵੰਤ ਅਤੇ ਵੇਖਣ ਵਿੱਚ ਸੋਹਣੀ ਸੀ**। ਹੋਰ ਕਈ ਸੰਸਕਰਣ ਵੀ ਇਬਰਾਨੀ ਸ਼ਬਦ רַךְ (*ਰੈਕ*) ਦਾ ਅਨੁਵਾਦ "ਕਮਜ਼ੋਰ" ਦੇ ਰੂਪ ਵਿਚ ਕਰਦੇ ਹਨ (RSV; NIV; NJPSV; NCV; ESV) ਕਰਦੇ ਹਨ। ਇਸ ਤੋਂ ਇਲਾਵਾ, NEB ਅਤੇ REB ਦੱਸਦੇ ਹਨ ਕਿ ਲੇਆਹ ਦੀਆਂ ਅੱਖਾਂ "ਛੋਟੀਆਂ ਅੱਖਾਂ" ਵਾਲੀ ਸੀ। ਇਹ ਚਿਤਰਣ ਅਪਮਾਨਜਨਕ ਹਨ।[7] ਉਨ੍ਹਾਂ ਦਾ ਅਰਥ ਸ਼ਾਇਦ ਇਹ ਹੋ ਸਕਦਾ ਹੈ ਕਿ ਲੇਆਹ ਦੀਆਂ ਅੱਖਾਂ ਵਿਚ "ਚਮਕ ਅਤੇ ਆਕਰਸ਼ਣ ਨਹੀਂ ਸੀ ਜੋ ਸੁੰਦਰਤਾ ਦੇ ਪੂਰਬੀਵਾਸੀ ਤੋਹਫ਼ੇ ਸਨ,"[8] ਜੋ ਰਾਖੇਲ ਦੇ ਅੰਦਰ ਸਪੱਸ਼ਟ ਤੌਰ ਤੇ ਸਨ।

ਵਿਆਖਿਆਤਮਕ ਸ਼ਬਦ *ਰੈਕ* ਦਾ ਵੀ "ਕੋਮਲ" ਜਾਂ "ਨਾਜ਼ੁਕ"[9] ਵਜੋਂ ਅਨੁਵਾਦ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਅਨੁਵਾਦ ਕਹਿੰਦੇ ਹਨ ਕਿ ਲੇਆਹ ਦੀਆਂ ਅੱਖਾਂ "ਸੁੰਦਰ" (NAB; NRSV; NJB; TEV) ਸਨ, ਅਤੇ ਕਈ ਵਰਣਨਕਰਤਾ ਮੰਨਦੇ ਹਨ ਕਿ ਉਸ ਦੀਆਂ ਅੱਖਾਂ "ਸੁੰਦਰ ਸਨ।"[10] ਜੇਕਰ ਇਬਰਾਨੀ ਸ਼ਬਦ ਦੀ ਇਹ ਸਮਝ ਸਹੀ ਹੈ, ਤਾਂ ਸ਼ਾਇਦ ਲੇਆਹ ਦਾ ਸਭ ਤੋਂ ਆਕਰਸ਼ਕ ਪੱਖ ਉਸ ਦੀਆਂ "ਸੁੰਦਰ" ਅੱਖਾਂ ਸਨ, ਜਦਕਿ ਰਾਖੇਲ ਸਭ ਪੱਖੋਂ ਸੁੰਦਰ ਸੀ। ਉਹ ਦਾ ਸਰੀਰ ਅਤੇ ਚੇਹਰਾ ਦੋਵੇਂ ਸੁੰਦਰ ਸਨ।

ਭਾਵੇਂ ਇਸ ਪ੍ਰਸੰਗ ਵਿਚ *ਰੈਕ* ਦਾ ਸਟੀਕ ਅਰਥ ਅਨਿਸ਼ਚਤ ਰਹਿੰਦਾ ਹੈ, ਪਰ ਤਾਂ ਵੀ ਦੋਵਾਂ ਜਵਾਨ ਇਸਤਰੀਆਂ ਦੇ ਵਿਚਕਾਰ ਇੱਕ ਨਿਸ਼ਚਤ ਤੌਰ ਤੇ ਇੱਕ ਅੰਤਰ ਖਿੱਚਿਆ ਜਾ ਸਕਦਾ ਹੈ: ਰਾਖੇਲ ਆਪਣੀ ਭੈਣ ਤੋਂ ਬਹੁਤ ਹੀ ਜ਼ਿਆਦਾ ਸੁੰਦਰ ਸੀ। ਇਹ ਉੱਤਮ ਸੁੰਦਰਤਾ ਦੱਸਦੀ ਹੈ ਕਿ ਯਾਕੂਬ ਨੇ ਆਪਣੀ ਪਤਨੀ ਹੋਣ ਦੇ ਲਈ ਰਾਖੇਲ ਨੂੰ ਕਿਉਂ ਚੁਣਿਆ ਸੀ (29:18) ਅਤੇ ਉਸ ਨੂੰ ਲੇਆਹ ਤੋਂ ਵੱਧ ਪਿਆਰ ਕੀਤਾ ਸੀ (29:30)।

**ਆਇਤ 18.** ਲਾਬਾਨ ਦੇ ਪਹਿਲੇ ਪ੍ਰਸ਼ਨ ਤੇ ਮੁੜਦੇ ਹੋਏ, "ਕੀ ਤੂੰ ਮੇਰੀ ਟਹਿਲ ਮੁਖਤ ਹੀ ਕਰੇਂਗਾ?" (29:15), ਲੇਖਕ ਨੇ ਸਮਝਾਇਆ ਕਿ **ਯਾਕੂਬ ਰਾਖੇਲ ਨੂੰ ਪਿਆਰ ਕਰਦਾ ਸੀ** ਅਤੇ ਫਿਰ ਉਸ ਦੇ ਪ੍ਰਤੀਉੱਤਰ ਨੂੰ ਦਰਜ ਕੀਤਾ: **ਮੈਂ ਤੇਰੀ ਨਿੱਕੀ ਧੀ ਰਾਖੇਲ ਲਈ ਸੱਤ ਵਰਹੇ ਤੇਰੀ ਟਹਿਲ ਕਰਾਂਗਾ।** ਯਾਕੂਬ ਨੁਕਸਾਨ ਵਾਲਾ ਸੌਦਾ ਕਰ ਰਿਹਾ ਸੀ। ਸੇਵਾ ਦੇ ਲਈ ਉਸ ਦੀ ਮੁੱਖ ਦਿਲਚਸਪੀ ਪੈਸਾ ਨਹੀਂ ਸੀ। ਉਹ ਹਾਰਾਨ ਵਿਚ ਇੱਕ ਪਤਨੀ ਦੀ ਭਾਲ ਵਿਚ ਆਇਆ ਸੀ, ਪਰ ਵਹੁਟੀ ਦਾ ਮੁੱਲ ਭਰਨ ਲਈ ਉਸ ਦੇ ਕੋਲ ਕੋਈ ਪੈਸਾ ਨਹੀਂ ਸੀ। ਇਸ ਲਈ, ਉਸ ਨੇ ਰਾਖੇਲ ਦੇ ਬਦਲੇ ਲਾਬਾਨ ਦੀ ਸੇਵਾ ਕਰਨ ਦੀ ਉਦਾਰ ਪੇਸ਼ਕਸ਼ ਕੀਤੀ। ਇਹ ਉਸ ਤੋਂ ਬਹੁਤ ਵੱਧ ਕੇ ਸੀ ਜਿਸ ਦੀ ਉਸ ਦੇ ਮਾਮੇ ਨੇ ਆਸ ਰੱਖੀ ਸੀ। ਨੂਜ਼ੀ ਦਸਤਾਵੇਜ਼ਾਂ ਦੇ ਅਨੁਸਾਰ (ਪੰਦਰਵੀਂ ਸਦੀ ਈ.ਪੂ. ਤੋਂ), ਆਮ ਤੌਰ ਤੇ ਲਾੜੀ ਦੀ ਕੀਮਤ 30 ਤੋਂ 40 ਸ਼ਕੇਲ ਹੁੰਦੀ ਸੀ। ਕਿਉਂਕਿ ਪਾਲੀ ਦੀ ਇੱਕ ਸਾਲ ਦੀ ਮਜ਼ਦੂਰੀ ਦਸ ਸ਼ਕੇਲਾਂ ਦੇ ਬਰਾਬਰ ਹੁੰਦੀ ਸੀ, ਯਾਕੂਬ ਲਗਭਗ ਇੱਕ ਲਾੜੀ ਦੀ ਕੀਮਤ ਦੀ ਦੁੱਗਣੀ ਕੀਮਤ ਦੀ ਪੇਸ਼ਕਸ਼ ਕਰ ਰਿਹਾ ਸੀ।[11] ਉਹ ਸ਼ਾਇਦ ਬਹੁਤ ਘੱਟ ਕੀਮਤ ਤੇ ਵੀ ਉਸ ਨੂੰ ਪ੍ਰਾਪਤ ਕਰ ਸਕਦਾ ਸੀ, ਪਰ ਉਹ ਗੱਲਬਾਤ ਕਰਨ ਦੀ ਸਥਿਤੀ ਵਿਚ ਨਹੀਂ ਸੀ

ਅਤੇ ਉਹ ਉਸ ਨੂੰ ਅਤੇ ਉਸ ਦੇ ਪਿਤਾ ਨੂੰ ਨੀਵਾਂ ਨਹੀਂ ਵਿਖਾਉਣਾ ਚਾਹੁੰਦਾ ਸੀ।

**ਆਇਤ 19. ਲਾਬਾਨ** ਅਜਿਹੀ ਪੇਸ਼ਕਸ਼ ਦੇ ਨਾਲ ਸਹਿਮਤ ਹੋਣ ਲਈ ਖੁਸ਼ ਸੀ, ਪਰ ਇੰਝ ਜਾਪਦਾ ਹੈ ਕਿ ਉਸ ਨੇ ਆਪਣੇ ਸੌਦੇ ਦੇ ਦੁਆਰਾ ਪਹਿਲਾਂ ਤੋਂ ਹੀ ਯਾਕੂਬ ਨੂੰ ਧੋਖਾ ਦੇਣ ਦਾ ਫ਼ੈਸਲਾ ਕਰ ਲਿਆ ਸੀ। ਉਸ ਨੇ ਉੱਤਰ ਦਿੱਤਾ, **ਉਹ ਨੂੰ ਕਿਸੇ ਦੂਜੇ ਨੂੰ ਦੇਣ ਨਾਲੋਂ ਤੈਨੂੰ ਦੇਣਾ ਚੰਗਾ ਹੈ**; ਅਤੇ ਉਸ ਨੇ ਉਸ ਨੂੰ ਉਤਸਾਹਿਤ ਕੀਤਾ ਕਿ **ਮੇਰੇ ਨਾਲ ਰਹੁ** ਅਤੇ ਆਪਣੇ ਵਾਇਦੇ ਨੂੰ ਪੂਰਾ ਕਰ। ਉਸ ਦੀ ਬੇਨਤੀ ਨੇ ਸਪੱਸ਼ਟ ਕੀਤਾ ਕਿ ਇਹ ਉਸ ਦੇ ਮਾਮੇ ਦੀ "ਨਿੱਕੀ ਧੀ ਰਾਖੇਲ" ਸੀ (29:18) ਜਿਸ ਦੇ ਨਾਲ ਉਹ ਵਿਆਹ ਕਰਨਾ ਚਾਹੁੰਦਾ ਸੀ, ਪਰ ਲਾਬਾਨ ਨੇ ਸ਼ਾਇਦ ਜਾਣ-ਬੁੱਝ ਕੇ ਆਪਣੇ ਭਣੇਵੇਂ ਨਾਲ ਇਕਰਾਰਨਾਮੇ ਵਿਚ ਆਪਣੀ ਧੀ ਦੇ ਨਾਮ ਦੀ ਬਜਾਇ "ਉਹ ਨੂੰ" ਦਾ ਇਸਤੇਮਾਲ ਕੀਤਾ ਸੀ।

**ਆਇਤ 20.** ਕਹਾਣੀ ਦੇ ਇਸ ਅਗਲੇ ਭਾਗ ਵਿਚ, ਲੇਖਕ ਕੁਝ ਹੀ ਸ਼ਬਦਾਂ ਵਿਚ ਪ੍ਰਾਚੀਨ ਸਾਹਿਤ ਵਿਚ ਸ਼ੁੱਧ ਸਮਰਪਣ ਦੀਆਂ ਸਭ ਤੋਂ ਮਨ ਨੂੰ ਛੂਹਣ ਵਾਲੀਆਂ ਉਦਾਹਰਣਾਂ ਵਿਚੋਂ ਇੱਕ ਨੂੰ ਪਰਗਟ ਕੀਤਾ ਹੈ: **ਰਾਖੇਲ ਲਈ** ਯਾਕੂਬ ਦਾ ਪ੍ਰੇਮ ਇੰਨਾ ਗਹਿਰਾ ਸੀ ਕਿ ਉਸ ਨੇ ਖੁਸ਼ੀ ਖੁਸ਼ੀ **ਸੱਤ ਵਰਹੇ** ਟਹਿਲ ਕੀਤੀ ਤਾਂ ਕਿ ਉਸ ਨੂੰ ਆਪਣੀ ਲਾੜੀ ਬਣਾ ਸਕੇ। ਇੰਨੇ ਲੰਬੇ ਸਮੇਂ ਦੀ ਵਚਨਬੱਧਤਾ ਦੀ ਪੇਸ਼ਕਸ਼ ਕਰਨ ਦਾ ਕਾਰਣ ਸ਼ਾਇਦ ਇਹ ਹੋ ਸਕਦਾ ਹੈ ਕਿ ਉਹ ਆਪਣੇ ਆਪ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰਨਾ ਸੀ ਅਤੇ ਉਸ ਨੇ ਉਸ ਨੂੰ ਪੂਰਾ ਕਰਕੇ ਲਾਬਾਨ ਨੂੰ ਨਾਰਾਜ਼ ਕਰ ਦਿੱਤਾ ਸੀ। ਪਰ, ਅਜਿਹਾ ਨਹੀਂ ਸੀ; ਸਗੋਂ **ਉਹ ਦੇ ਪ੍ਰੇਮ ਦੇ ਕਾਰਨ** ਜੋ ਬਹੁਤ ਮਹਾਨ ਸੀ ਕਿ ਉਸ ਨੂੰ ਉਹ ਮੇਹਨਤ ਦੇ ਦਿਨ **ਥੋੜੇ ਦਿਨਾਂ ਦੇ ਬਰਾਬਰ** ਲੱਗੇ ਸਨ।

**ਆਇਤ 21.** ਆਪਣੀ ਸੱਤਾਂ ਸਾਲਾਂ ਦੀ ਸੇਵਾ ਪੂਰੀ ਕਰਨ ਤੋਂ ਬਾਅਦ, ਯਾਕੂਬ ਨੇ **ਲਾਬਾਨ** ਦੇ ਸਾਹਮਣੇ ਹੇਠ ਲਿਖੀ ਬੇਨਤੀ ਕੀਤੀ: **ਮੇਰੀ ਵਹੁਟੀ ਮੈਨੂੰ ਦੇਹ ਕਿਉਂਜੋ ਮੇਰੇ ਦਿਨ ਸੰਪੂਰਣ ਹੋ ਗਏ ਹਨ।** ਯਾਕੂਬ ਨੇ ਰਾਖੇਲ ਨੂੰ ਆਪਣੀ "ਵਹੁਟੀ" ਕਹਿ ਕੇ ਬੁਲਾਇਆ ਭਾਵੇਂ ਉਨ੍ਹਾਂ ਦਾ ਵਿਆਹ ਅਜੇ ਨਹੀਂ ਹੋਇਆ ਸੀ, ਅਤੇ ਇਹ ਪ੍ਰਾਚੀਨ ਰਿਵਾਜ਼ ਦੇ ਮੁਤਾਬਕ ਸੀ। ਇੱਕ ਅਜਿਹੇ ਜੋੜੇ ਨੂੰ ਜਿਨ੍ਹਾਂ ਦੀ ਮੰਗਣੀ ਹੋ ਚੁੱਕੀ ਹੋਵੇ ਵਿਆਹ ਦੇ ਸਰੀਰਕ ਰੂਪ ਵਿਚ ਪੂਰੇ ਹੋਣ ਤੋਂ ਪਹਿਲਾਂ ਪਤੀ ਪਤਨੀ ਮੰਨਿਆ ਜਾਂਦਾ ਸੀ (ਬਿਵਸਥਾ ਸਾਰ 22:23-25; ਮੱਤੀ 1:18-25)। ਇਸ ਲਈ, ਯਾਕੂਬ ਬੇਨਤੀ ਨਹੀਂ ਕਰ ਰਿਹਾ ਸੀ ਕਿ ਲਾਬਾਨ ਉਸ ਨੂੰ ਰਾਖੇਲ ਦੇਵੇ ਤਾਂ ਕਿ ਉਹ ਉਸ ਦੀ ਪਤਨੀ ਹੋ ਸਕੇ, ਪਰ ਉਹ ਮੰਗ ਕਰ ਰਿਹਾ ਸੀ ਕਿ ਉਸ ਨੂੰ ਉਸ ਦੀ "ਪਤਨੀ" ਦਿੱਤੀ ਜਾਵੇ ਤਾਂਕਿ **ਮੈਂ ਉਸ ਦੇ ਕੋਲ ਜਾਵਾਂ**, ਅਰਥਾਤ, ਉਸ ਦੇ ਨਾਲ ਜਿਨਸੀ ਸੰਬੰਧ ਬਣਾ ਸਕਾਂ।

**ਆਇਤ 22.** ਲਿਖਤ ਯਾਕੂਬ ਨੂੰ ਦਿੱਤੇ ਗਏ ਲਾਬਾਨ ਦੇ ਉੱਤਰ ਨੂੰ ਦਰਜ ਨਹੀਂ ਕਰਦੀ; ਇਸ ਦੀ ਬਜਾਇ, ਇਹ ਸਿਰਫ ਦੱਸਦੀ ਹੈ ਕਿ **ਲਾਬਾਨ ਨੇ ਉਸ ਥਾਂ ਦੇ ਸਭ ਮਨੁੱਖਾਂ ਨੂੰ ਇਕੱਠੇ ਕਰ ਕੇ ਵੱਡਾ ਖਾਣਾ ਦਿੱਤਾ**। "ਵੱਡਾ ਖਾਣਾ ਦਿੱਤਾ" ਦੇ ਲਈ ਸ਼ਬਦ ਹੈ ਨਗ਼ਸ਼ੰਮ਼ (*ਮਿਸ਼ਥੇਹ*) ਹੈ, ਜੋ ਉਸ ਦਾ ਉਲੇਖ ਵੀ ਕਰ ਸਕਦੀ ਹੈ ਜੋ ਸ਼ਰਾਬ ਪੀਤੀ ਸੀ, ਜਿਵੇਂ ਮਧ (ਅਜ਼ਰਾ 3:7; ਦਾਨੀਏਲ 1:5, 8, 16), ਜਾਂ ਆਪਣੇ ਆਪ ਵਿਚ ਵੱਡਾ ਭੋਜ (19:3; 26:30; 29:22; 2 ਸਮੂਏਲ 3:20)।[12] ਬਾਈਬਲ ਦੇ ਸਮਿਆਂ ਵਿਚ, ਵਿਆਹ ਦੀ ਰਸਮ ਆਮ ਤੌਰ ਤੇ ਇੱਕ ਹਫ਼ਤੇ ਤੱਕ ਚੱਲਦੀ ਸੀ (29:27, 28; ਨਿਆਈਆਂ 14:10-20)।[13] ਉਹ ਲਾੜਾ ਲਾੜੀ ਦੇ ਪਰਿਵਾਰਾਂ ਦੇ ਨਾਲ ਨਾਲ ਦੋਸਤਾਂ-ਮਿੱਤਰਾਂ ਦੇ ਨਾਲ ਵੀ ਬਹੁਤ ਦਾਅਵਤਾਂ ਕਰਦੇ ਹੁੰਦੇ ਸਨ। ਪਰ, ਇਸ ਮੌਕੇ ਤੇ, ਸਿਰਫ ਲਾਬਾਨ ਦਾ ਪਰਿਵਾਰ ਅਤੇ ਮਿੱਤਰ ਹੀ ਹਾਜਰ ਸਨ।

**ਆਇਤ 23.** ਜਦੋਂ ਦਾਅਵਤ ਪੂਰੇ ਜ਼ੋਰ-ਸ਼ੋਰ ਦੇ ਨਾਲ ਚੱਲ ਰਹੀ ਸੀ, ਲਾਬਾਨ ਨੇ ਆਪਣੀ ਚਲਾਕੀ ਭਰੀ ਯੋਜਨਾ ਨੂੰ ਸ਼ੁਰੂ ਕੀਤਾ ਕਿ ਯਾਕੂਬ ਦਾ ਵਿਆਹ ਰਾਖੇਲ ਦੀ ਬਜਾਇ ਜਿਸ ਦੇ ਲਈ ਉਸ ਨੇ ਸੱਤ ਸਾਲ ਸੇਵਾ ਕੀਤੀ ਸੀ, **ਲੇਆਹ** ਨਾਲ ਕਰਵਾ ਦੇਵੇ। ਇਸ ਤਾਨੇ ਨੂੰ ਨਜ਼ਰਅੰਦਾਜ ਨਹੀਂ ਕੀਤਾ ਜੀ ਸਕਦਾ: ਜਿਵੇਂ ਯਾਕੂਬ ਨੇ ਆਪਣੇ ਅੰਨ੍ਹੇ ਪਿਤਾ ਨੂੰ ਧੋਖਾ ਦੇਣ ਦੇ ਲਈ ਭੇਸ ਬਦਲਿਆ ਸੀ ਉਸੇ ਤਰ੍ਹਾਂ ਲਾਬਾਨ ਨੇ ਆਪਣੇ ਭਤੀਜੇ ਨੂੰ ਧੋਖਾ ਦਿੱਤਾ ਸੀ। ਭਾਵੇਂ ਅੱਜ ਦੇ ਪਾਠਕਾਂ ਦੇ ਲਈ ਇਸ ਗੱਲ ਦੀ ਕਲਪਨਾ ਕਰਨਾ ਮੁਸ਼ਕਲ ਹੈ, ਕਿ ਕੀ ਯਾਕੂਬ ਦੇ ਸਮੇਂ ਵਿਚ, **ਸ਼ਾਮਾਂ ਵੇਲੇ** ਅਜਿਹਾ ਧੋਖਾ ਕਰ ਸਕਣਾ ਸੰਭਵ ਸੀ। ਲਾੜੀ ਦੇ ਕੱਪੜਿਆਂ ਦੇ ਵਿਚ ਇੱਕ ਪਰਦਾ ਜ਼ਰੂਰ ਹੁੰਦਾ ਸੀ (ਵੇਖੋ 24:65), ਅਤੇ ਯਾਕੂਬ ਦੇ ਮਾਮੇ ਨੇ ਸ਼ਾਇਦ ਉਸ ਨੂੰ ਬਹੁਤ ਜ਼ਿਆਦਾ ਮਧ ਪੀਣ ਦੇ ਲਈ ਉਕਸਾਇਆ ਹੋਵੇਗਾ, ਤਾਂ ਕਿ ਉਸ ਨੂੰ ਹੋਸ਼ ਨਾ ਰਹੇ (ਵੇਖੋ 19:32-35)। ਪਰ ਉਹ ਆਪਣੇ ਧੋਖੇ ਵਿਚ ਕਾਮਯਾਬ ਰਿਹਾ, ਲਾਬਾਨ **ਆਪਣੀ ਧੀ ਲੇਆਹ ਨੂੰ ਲੈਕੇ ਉਸ ਦੇ ਕੋਲ ਆਇਆ ਅਤੇ** ਵਿਆਹ ਨੂੰ ਪੂਰਾ ਕਰਨ ਦੇ ਲਈ, **ਉਹ ਉਹ ਦੇ ਕੋਲ ਗਿਆ**।

**ਆਇਤ 24.** ਇੱਕ ਅਰਥ ਵਿਚ, ਇਹ ਕਾਵਿਕ ਨਿਆਂ ਸੀ। ਧੋਖੇਬਾਜ਼ ਨੂੰ ਧੋਖਾ ਦਿੱਤਾ ਗਿਆ, ਅਤੇ ਯਾਕੂਬ ਦਾ ਵਿਆਹ ਲੇਆਹ ਨਾਲ ਹੋ ਗਿਆ। ਇੱਕ ਵਾਰ ਗਲਤ ਇਸਤਰੀ ਦੇ ਨਾਲ ਵਿਆਹ ਹੋ ਗਿਆ ਤਾਂ, ਕੁਝ ਨਹੀਂ ਹੋ ਸਕਦਾ ਸੀ। ਜਿਵੇਂ ਇਸਹਾਕ ਦੇ ਕੋਲ ਏਸਾਓ ਸਮਝ ਕੇ, ਯਾਕੂਬ ਨੂੰ ਦਿੱਤੀ ਬਰਕਤ ਵਾਪਸ ਲੈਣ ਦਾ ਕੋਈ ਤਰੀਕਾ ਨਹੀਂ ਸੀ (27:33, 37), ਉਸੇ ਤਰ੍ਹਾਂ ਰਾਖੇਲ ਦੇ ਭੁਲੇਖੇ, ਲੇਆਹ ਨਾਲ ਹੋਏ ਵਿਆਹ ਤੋਂ ਛੁੱਟਣ ਦਾ ਯਾਕੂਬ ਦੇ ਕੋਲ ਕੋਈ ਤਰੀਕਾ ਨਹੀਂ ਸੀ।[14]

ਲਾਬਾਨ ਨੇ ਆਪਣੀ ਧੀ ਨੂੰ ਦਾਜ ਦੇਣ ਦੇ ਰਿਵਾਜ਼ ਨੂੰ ਮੰਨਿਆ। ਪੁਰਾਤਨ ਯੁੱਗ ਵਿਚ, ਦਾਜ ਕੁਝ ਹੱਦ ਤੱਕ ਟ੍ਰਸਟ ਫੰਡ ਜਾਂ ਇੱਕ ਬੀਮਾ ਪਾਲਿਸੀ ਦੇ ਵਾਂਗ ਸੀ, ਜਿਸ ਦੇ ਦੁਆਰਾ ਪਤਨੀ ਦੇ ਤਲਾਕਸ਼ੁਦਾ ਜਾਂ ਵਿਧਵਾ ਹੋ ਜਾਣ ਤੇ ਉਸ ਦੇ ਕੰਮ ਆਉਂਦਾ ਸੀ। ਸ਼ੁਰੂਆਤੀ ਸਮਿਆਂ ਦੇ ਲਿਖਤ ਦਸਤਾਵੇਜ਼ ਇਸ ਗੱਲ ਨੂੰ ਦਰਸਾਉਂਦੇ ਸਨ ਕਿ ਦਾਜ ਵਿਚ ਅਕਸਰ, ਸੋਨਾ, ਚਾਂਦੀ, ਜਾਂ ਇੱਕ ਦਾਸੀ ਸ਼ਾਮਲ ਹੁੰਦੀ ਸੀ ਜੋ ਇੱਕ ਨਿਜੀ ਨੌਕਰ ਦੇ ਵਾਂਗ ਕੰਮ ਕਰਦੀਸੀ। **ਲਾਬਾਨ** ਨੇ **ਜਿਲਫਾਹ ਆਪਣੀ ਗੋੱਲੀ** ਆਪਣੀ **ਧੀ ਲੇਅਹ ਨੂੰ ਦਿੱਤੀ ਤਾਂਜੋ ਲੇਆਹ [ਉਸ ਦੀ] ਲਈ ਗੋੱਲੀ ਹੋਵੇ**।

**ਆਇਤ 25.** ਜਦੋਂ **ਸਵੇਰਾ ਹੋਇਆ** ਅਤੇ ਯਾਕੂਬ ਨੇ ਆਪਣੀਆਂ ਅੱਖਾਂ ਖੋਲੀਆਂ, ਤਾਂ ਉਸ ਨੇ ਜੋ ਵੇਖਿਆ ਸੀ ਉਸ ਤੋਂ ਬਹੁਤ ਹੀ ਹੈਰਾਨ ਅਤੇ ਦੰਗ ਰਹਿ ਗਿਆ: **ਵੇਖੋ ਉਹ ਲੇਆਹ ਸੀ!** ਉਸ ਸੱਤ ਸਾਲ ਸੁੰਦਰ ਰਾਖੇਲ ਲਈ ਕੰਮ ਕੀਤਾ ਸੀ, ਅਤੇ ਹੁਣ ਸਾਹਮਣੇ ਸੀ ਕਿ ਉਸ ਦਾ ਵਿਆਹ ਉਸ ਦੀ ਬਜਾਇ ਉਸ ਦੀ ਭੈਣ ਦੇ ਨਾਲ ਹੋ ਗਿਆ ਸੀ। ਇਹ ਜਾਣ ਕੇ ਉਸ ਨੇ ਗਲਤ ਇਸਤਰੀ ਦੇ ਨਾਲ ਰਾਤ ਗੁਜ਼ਾਰੀ ਸੀ, ਉਹ ਗੁੱਸੇ ਵਿਚ **ਲਾਬਾਨ** ਦਾ ਸਾਹਮਣਾ ਕਰਨ ਦੇ ਲਈ ਗਿਆ ਅਤੇ ਉਸ ਨੂੰ ਗੁੱਸੇ ਵਿਚ ਪੁੱਛਿਆ: **ਤੈਂ ਮੇਰੇ ਨਾਲ ਏਹ ਕੀ ਕੀਤਾ?** ਯਾਕੂਬ ਦੀ ਪੁੱਛ-ਗਿੱਛ ਉਨ੍ਹਾਂ ਸਵਾਲਾਂ ਦੇ ਸਮਾਨ ਹੈ ਜੋ ਮਨੁੱਖਾਂ ਅਤੇ ਪਰਮੇਸ਼ੁਰ ਨੇ ਆਪਸ ਵਿਚ ਪੁੱਛੇ ਸਨ (3:13; 4:10; 12:18; 20:9; 26:10)।[15] ਇਰਾਦਾ ਹਮੇਸ਼ਾ ਲੋਕਾਂ ਨੂੰ ਉਨ੍ਹਾਂ ਦੀ ਧੋਖਾਧੜੀ ਦੇ ਗੰਭੀਰ ਸੁਭਾਅ ਦਾ ਸਾਹਮਣਾ ਕਰਨ ਦੇ ਲਈ ਮਜ਼ਬੂਰ ਕਰਨਾ ਹੈ। ਯਾਕੂਬ ਨੇ ਆਪਣੇ ਸਹੁਰੇ ਕੋਲੋਂ ਇੱਕ ਸਫਾਈ ਮੰਗੀ: **ਕੀ ਰਾਖੇਲ ਲਈ ਮੈਂ ਤੇਰੀ ਟਹਿਲ ਨਹੀਂ ਕੀਤੀ? ਫੇਰ ਤੂੰ ਮੇਰੇ ਨਾਲ ਧੋਖਾ ਕਿਉਂ ਕਮਾਇਆ?**

**ਆਇਤ 26.** **ਲਾਬਾਨ** ਨੇ ਯਾਕੂਬ ਦੇ ਗੁੱਸੇ ਦੀ ਉਮੀਦ ਕੀਤੀ ਸੀ ਅਤੇ ਉਸ ਦੇ ਉੱਤੇ ਦੋਸ਼

ਲਾ ਕੇ ਆਪਣੀ ਗਲਤੀ ਤੇ ਪਰਦਾ ਪਾ ਰਿਹਾ ਸੀ ਕਿ ਇਹ ਉਸ ਦੇ ਜਵਾਈ ਦੀ ਗਲਤੀ ਸੀ ਜੋ ਜਿਸ ਨੇ ਲੇਆਹ ਦੀ ਬਜਾਇ ਰਾਖੇਲ ਦੇ ਨਾਲ ਵਿਆਹ ਕਰਨ ਦੀ ਗਲਤੀ ਕੀਤੀ ਸੀ। ਉਸ ਨੇ ਉੱਤਰ ਦਿੱਤਾ, **ਸਾਡੇ ਦੇਸ ਵਿੱਚ ਐਉਂ ਨਹੀਂ ਹੁੰਦਾ ਕਿ ਨਿੱਕੀ ਨੂੰ ਪਲੋਠੀ ਤੋਂ ਪਹਿਲਾਂ ਦੇਈਏ।** ਜਦਕਿ ਇਹ ਪ੍ਰਾਚੀਨ ਨੇੜਲੇ ਪੂਰਬ ਵਿਚ ਇੱਕ ਆਮ ਰਿਵਾਜ਼ ਹੋ ਸਕਦਾ ਹੈ (ਵੇਖੋ ਨਿਆਈਆਂ 15:1, 2; 1 ਸਮੂਏਲ 18:17-21), ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਹਰ ਹਾਲਤ ਵਿਚ ਇਹ ਜ਼ਰੂਰੀ ਹੈ। ਲਾਬਾਨ ਦਾ ਤਰਕ ਨਿਕੰਮਾ ਅਤੇ ਧੋਖੇਬਾਜ਼ੀ ਵਾਲਾ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਯਾਕੂਬ ਨੇ ਰਾਖੇਲ ਨੂੰ ਪਤਨੀ ਦੇ ਰੂਪ ਵਿਚ ਪ੍ਰਾਪਤ ਕਰਨ ਦੇ ਲਈ ਸੱਤ ਸਾਲ ਸੇਵਾ ਕੀਤੀ ਸੀ। ਇੱਕ ਈਮਾਨਦਾਰ ਵਿਅਕਤੀ ਨੂੰ ਅਸਲੀ ਸਮਝੌਤਾ ਕਰਨ ਤੋਂ ਪਹਿਲਾਂ ਤੋਂ ਹੀ ਆਪਣੇ ਭਤੀਜੇ ਦੇ ਨਾਲ ਗੱਲ ਕਰਨੀ ਚਾਹੀਦੀ ਸੀ, ਨਾ ਕਿ ਉਸ ਨੂੰ ਸੱਤ ਸਾਲ ਗਲਤ ਇਸਤਰੀ ਦੇ ਲਈ ਕੰਮ ਕਰ ਲੈਣ ਤੋਂ ਬਾਅਦ ਵਿਚ ਇਸ ਗੱਲ ਨੂੰ ਦੱਸਣਾ ਚਾਹੀਦਾ ਸੀ। ਇਸ ਤੋਂ ਇਲਾਵਾ, ਜੇਕਰ ਅਜਿਹੀ ਰੀਤ ਲਾਜ਼ਮੀ ਸੀ ਤਾਂ, ਲਾਬਾਨ ਨੇ ਇਨ੍ਹਾਂ ਸੱਤਾਂ ਸਾਲਾਂ ਦੇ ਦੌਰਾਨ ਜਦੋਂ ਯਾਕੂਬ ਉਸ ਦੇ ਲਈ ਸੇਵਾ ਕਰ ਰਿਹਾ ਸੀ ਤਾਂ ਲੇਆਹ ਦੇ ਲਈ ਕੋਈ ਪਤੀ ਕੋਈ ਨਹੀਂ ਖੋਜਿਆ? ਸਬੂਤ ਬਹੁਤ ਕਠੋਰਤਾ ਦੇ ਨਾਲ ਇਸ ਗੱਲ ਦਾ ਸਬੂਤ ਦਿੰਦੇ ਹਨ ਕਿ ਲਾਬਾਨ ਨੇ ਆਪਣੇ ਸਮਝੌਤੇ ਦੇ ਸ਼ੁਰੂ ਵਿਚ ਹੀ ਇਹ ਵਿਵਸਥਾ ਕਰ ਲਈ ਸੀ ਕਿ ਉਹ ਆਪਣੇ ਜਵਾਈ ਨੂੰ ਲੇਆਹ ਦੇਵੇਗਾ। ਯਾਕੂਬ ਦਾ ਆਪਣੇ ਸਹੁਰੇ ਤੇ ਗੁੱਸਾ ਕਰਨਾ ਜਾਇਜ਼ ਸੀ, ਪਹ ਹੁਣ ਉਹ ਕਿਸੇ ਵੀ ਤਰ੍ਹਾਂ ਇਸ ਫਾਹੀ ਵਿਚੋਂ ਬਾਹਰ ਨਹੀਂ ਆ ਸਕਦਾ ਸੀ।

**ਆਇਤ 27.** ਇੱਕ ਉਦਾਰ ਪੇਸ਼ਕਸ਼ ਕਰਨ ਦੇ ਦੁਆਰਾ, ਲਾਬਾਨ ਨੇ ਚਾਪਲੂਸੀ ਜਾਰੀ ਰੱਖੀ। ਉਸ ਨੇ ਵਾਇਦਾ ਕੀਤਾ ਕਿ ਯਾਕੂਬ ਸਿਰਫ ਲੇਆਹ ਦੇ ਨਾਲ ਵਿਆਹ ਦਾ **ਸਾਤਾ ਪੂਰਾ** ਕਰੇ, ਤਾਂ ਮੈਂ ਤੈਨੂੰ ਪਤਨੀ ਦੇ ਰੂਪ ਵਿਚ ਰਾਖੇਲ ਵੀ **ਦੇ ਦਿਆਂਗਾ**; ਪਰ ਯਾਕੂਬ ਨੂੰ **ਹੋਰ ਸੱਤਾਂ ਵਰਿਹਾਂ ਤੀਕ** ਲਾਬਾਨ ਦੀ **ਟਹਿਲ** ਕਰਨ ਦਾ ਸਮਝੌਤਾ ਕਰਨਾ ਪਵੇਗਾ। ਭਾਵੇਂ ਯਾਕੂਬ ਲਈ ਲੇਆਹ ਨੂੰ ਆਪਣੀ ਪਤਨੀ ਦੇ ਰੂਪ ਵਿਚ ਸਵੀਕਾਰ ਕਰਨ ਅਤੇ ਨਿਰੰਤਰ ਵਿਆਹ ਦੀ ਰਸਮ ਨੂੰ ਜਾਰੀ ਰੱਖਣਾ ਕਿੰਨਾ ਹੀ ਔਖਾ ਸੀ, ਪਰ ਲਾਬਾਨ ਨੇ ਉਸ ਦਾ ਫਾਇਦਾ ਚੁੱਕਿਆ। ਯਾਕੂਬ ਘਰ ਤੋਂ ਦੂਰ ਸੀ ਅਤੇ ਉਸ ਦੇ ਕੋਲ ਕੋਈ ਪਰਿਵਾਰਿਕ ਮਦਦ ਨਹੀਂ ਸੀ। ਉਸ ਦੇ ਕੋਲ ਇਸ ਸਥਿਤੀ ਵਿਚੋਂ ਬਾਹਰ ਨਿਕਲਣ ਦਾ ਕੋਈ ਤਰੀਕਾ ਨਹੀਂ ਸੀ। ਪਰ ਰਾਖੇਲ ਨੂੰ ਆਪਣੀ ਪਤਨੀ ਬਣਾਉਣ ਦੀ ਉਸ ਦੀ ਚਾਹਤ ਇੰਨੀ ਤੇਜ਼ ਸੀ ਕਿ ਭਾਵੇਂ ਉਹ ਉਸ ਦੇ ਲਈ ਪਹਿਲਾਂ ਤੋਂ ਹੀ ਸੱਤ ਸਾਲ ਸੇਵਾ ਕਰ ਚੁੱਕਿਆ ਸੀ, ਪਰ ਤਾਂ ਵੀ ਉਹ ਹੋਰ ਸ਼ਰਤਾਂ ਦੇ ਲਈ ਵੀ ਸਹਿਮਤ ਹੋ ਗਿਆ ਸੀ।

**ਆਇਤ 28.** ਯਾਕੂਬ ਨਿਸ਼ਚਤ ਤੌਰ ਤੇ ਉਨ੍ਹਾਂ ਅਣਉਚਿਤ ਮੰਗਾਂ ਬਾਰੇ ਨਾਖੁਸ਼ ਸੀ ਜੋ ਉਸ ਦੇ ਅੱਗੇ ਰੱਖੀਆਂ ਜਾ ਰਹੀਆਂ ਸਨ; ਫਿਰ ਵੀ, ਉਸ ਨੇ (ਲੇਆਹ ਦੇ) ਉਤਸਵ ਦਾ **ਸਾਤਾ ਪੂਰਾ ਕੀਤਾ** ਅਤੇ ਫਿਰ ਲਾਬਾਨ ਨੇ **ਉਹ ਨੂੰ ਆਪਣੀ ਧੀ ਰਾਖੇਲ ਵਿਆਹ ਦਿੱਤੀ**।

**ਆਇਤ 29.** ਕਿਉਂਕਿ ਰਾਖੇਲ ਲਈ ਉਤਸਵ ਮਨਾਉਣ ਦੇ ਸਾਤੇ ਦਾ ਜ਼ਿਕਰ ਨਹੀਂ ਹੈ, ਸ਼ਾਇਦ ਉਸ ਦੇ ਲਈ ਕੋਈ ਸਾਤਾ ਨਹੀਂ ਸੀ ਮਨਾਇਆ ਗਿਆ। ਸੰਭਵ ਤੌਰ ਤੇ, ਉਸ ਦੇ ਪਿਤਾ ਦੀ ਧੋਖੇਬਾਜ਼ੀ ਦੇ ਕਾਰਣ ਉਸ ਦੀ ਛੋਟੀ ਧੀ ਨੂੰ ਵਿਆਹ ਦੀ ਰਸਮੀ ਜਸ਼ਨ ਦੇ ਸਨਮਾਨ ਦੀ ਕੀਮਤ ਚੁਕਾਉਣੀ ਪਈ ਸੀ। ਫਿਰ ਵੀ, ਦਾਜ ਦੇ ਰੂਪ ਵਿਚ **ਆਪਣੀ ਧੀ ਰਾਖੇਲ ਲਈ ਆਪਣੀ ਗੋੱਲੀ ਬਿਲਹਾਹ ਨੂੰ ਉਸ ਦੀ ਗੋੱਲੀ ਹੋਣ ਲਈ ਦੇ ਦਿੱਤਾ** ਅਤੇ ਉਹ ਨੇ **ਉਸ ਦੀ ਟਹਿਲ ਕੀਤੀ**।

**ਆਇਤ 30.** ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਪਣੇ ਸਹੁਰੇ ਦੇ ਵਿਰੁੱਧ ਯਾਕੂਬ ਦਾ ਗੁੱਸਾ

ਘੱਟ ਹੋ ਗਿਆ ਸੀ, ਘੱਟੋ-ਘੱਟ ਬਾਹਰੀ ਰੂਪ ਵਿਚ। ਫਿਰ ਵੀ, ਇਨ੍ਹਾਂ ਦੋਵਾਂ ਭੈਣਾਂ ਨਾਲ ਉਸ ਦੇ ਵਿਆਹ ਹੋਣ ਦੇ ਕਾਰਣ ਉਸ ਦੇ ਘਰ ਵਿਚ ਤਨਾਅ ਅਤੇ ਨਾਖੁਸ਼ੀ ਸੀ ਕਿਉਂਕਿ ਉਹ ਇਕ ਨੂੰ ਦੂਜੀ ਨਾਲੋਂ ਵੱਧ ਪ੍ਰੇਮ ਕਰਦਾ ਸੀ। ਵਿਰਤਾਂਤ ਦੱਸਦਾ ਹੈ, **ਉਹ ਰਾਖੇਲ ਕੋਲ ਵੀ ਗਿਆ ਕਿਉਂਜੋ ਉਹ ਰਾਖੇਲ ਨੂੰ ਲੇਆਹ ਨਾਲੋਂ ਵੱਧ ਪ੍ਰੇਮ ਕਰਦਾ ਸੀ ਤੇ ਉਹ ਨੇ ਹੋਰ ਸੱਤ ਵਰਹੇ ਉਸ ਦੀ ਟਹਿਲ ਕੀਤੀ।**

## ਲੇਆਹ ਦੇ ਵੱਡੇ ਪੁੱਤਰ (29:31-35)

**31ਜਦ ਯਹੋਵਾਹ ਨੇ ਵੇਖਿਆ ਕਿ ਲੇਆਹ ਘਿਣਾਉਣੀ ਕੀਤੀ ਗਈ ਹੈ ਤਾਂ ਉਸ ਨੇ ਉਸ ਦੀ ਕੁੱਖ ਖੋਲ੍ਹੀ ਪਰ ਰਾਖੇਲ ਬੰਞ ਰਹੀ।**
**32ਤਾਂ ਲੇਆਹ ਗਰਭਵੰਤੀ ਹੋਈ ਅਰ ਪੁੱਤ੍ਰ ਜਣੀ ਅਰ ਉਸ ਉਹ ਦਾ ਨਾਉਂ ਰਊਬੇਨ ਰੱਖਿਆ ਕਿਉਂਜੋ ਉਸ ਆਖਿਆ, ਯਹੋਵਾਹ ਨੇ ਮੇਰਾ ਕਸ਼ਟ ਵੇਖਿਆ ਸੋ ਹੁਣ ਮੇਰਾ ਮਰਦ ਮੇਰੇ ਨਾਲ ਪ੍ਰਤੀ ਕਰੂਗਾ।**
**33ਉਹ ਫੇਰ ਗਰਭਵੰਤੀ ਹੋਈ ਅਰ ਪੁੱਤ੍ਰ ਜਣੀ ਤਾਂ ਆਖਿਆ, ਯਹੋਵਾਹ ਨੇ ਸੁਣਿਆ ਕਿ ਮੈਂ ਘਿਣਾਉਣੀ ਜਾਣੀ ਗਈ ਹਾਂ ਏਸ ਕਾਰਨ ਉਸ ਨੇ ਮੈਨੂੰ ਏਹ ਦਿੱਤਾ ਤੇ ਉਹ ਦਾ ਨਾਉਂ ਸ਼ਿਮਓਨ ਰੱਖਿਆ।**
**34ਅਤੇ ਉਹ ਫੇਰ ਗਰਭਵੰਤੀ ਹੋਈ ਅਰ ਪੁੱਤ੍ਰ ਜਣੀ ਤਾਂ ਆਖਿਆ, ਹੁਣ ਏਸ ਵੇਲੇ ਮੇਰਾ ਮਰਦ ਮੇਰੇ ਨਾਲ ਮਿਲਿਆ ਰਹੂਗਾ ਕਿਉਂਜੋ ਮੈਂ ਉਸ ਦੇ ਲਈ ਤਿੰਨ ਪੁੱਤ੍ਰ ਜਣੇ, ਏਸ ਕਾਰਨ ਉਸ ਉਹ ਦਾ ਨਾਉਂ ਲੇਵੀ ਰੱਖਿਆ।**
**35ਉਹ ਫੇਰ ਗਰਭਵੰਤੀ ਹੋਈ ਅਰ ਪੁੱਤ੍ਰ ਜਣੀ ਅਰ ਆਖਿਆ, ਏਸ ਵੇਲੇ ਮੈਂ ਯਹੋਵਾਹ ਦਾ ਧੰਨਵਾਦ ਕਰਾਂਗੀ, ਏਸ ਕਾਰਨ ਉਸ ਉਹ ਦਾ ਨਾਉਂ ਯਹੂਦਾਹ ਰੱਖਿਆ ਤਦ ਉਹ ਜਣਨ ਤੋਂ ਰਹਿ ਗਈ।**

ਯਾਕੂਬ ਦੀਆਂ ਪਤਨੀਆਂ ਦੇ ਉਸ ਦੇ ਪ੍ਰੇਮ ਨੂੰ ਜਿੱਤਣ ਨੂੰ ਅਤੇ ਉਸ ਦੇ ਲਈ ਬੱਚੇ ਪੈਦਾ ਕਰਨ ਵਿਚਲੀ ਲਾਗਤਬਾਜੀ ਕਾਰਣ ਪਰਿਵਾਰ ਵਿਚ ਤਨਾਅ ਪੈਦਾ ਹੋ ਗਿਆ (29:31–30:24)। ਫਿਰ ਵੀ, ਇਸ ਨਾਲ ਅਬਰਾਹਾਮ ਦੀ ਕੁਲਪੱਤਰੀ ਵੀ ਵਧਦੀ ਗਈ, ਜਿਸ ਨੇ ਵੱਧ ਕੇ ਇਸਰਾਏਲ ਦੀ ਕੌਮ ਬਣਨਾ ਸੀ।

**ਆਇਤ 31.** ਇਹ ਭਾਗ ਇਹ ਟਿੱਪਣੀ ਕਰਨ ਦੁਆਰਾ ਸ਼ੁਰੂ ਹੁੰਦਾ ਹੈ ਕਿ **ਯਹੋਵਾਹ** [*ਯਾਹਵੇਹ*] **ਨੇ ਵੇਖਿਆ ਕਿ ਲੇਆਹ ਘਿਣਾਉਣੀ ਕੀਤੀ ਗਈ ਹੈ** (שָׂנֵא, *ਸੇਨ*), ਜਿਸ ਦਾ ਸ਼ਾਬਦਿਕ ਅਰਥ ਹੈ ਉਸ ਨਾਲ "ਨਫਰਤ ਕੀਤੀ ਜਾਂਦੀ ਸੀ।" ਫਿਰ ਵੀ, 29:30 ਦੱਸਦੀ ਹੈ ਕਿ ਯਾਕੂਬ "ਰਾਖੇਲ ਨੂੰ ਲੇਆਹ ਨਾਲੋਂ ਵੱਧ ਪ੍ਰੇਮ ਕਰਦਾ ਸੀ।" ਇਸ ਦਾ ਅਰਥ ਇਹ ਹੈ ਕਿ ਉਸ ਦੇ ਦਿਲ ਵਿਚ ਲੇਆਹ ਲਈ ਵੀ ਪ੍ਰੇਮ ਸੀ, ਪਰ ਇਹ ਪ੍ਰੇਮ ਉੱਨਾ ਜ਼ਿਆਦਾ ਗੂੜ੍ਹਾ ਨਹੀਂ ਸੀ ਜਿੰਨਾ ਕਿ ਇਹ ਉਸ ਦੀ ਮਨਪਸੰਦ ਤੀਵੀਂ ਰਾਖੇਲ ਲਈ ਸੀ।[16]

ਯਾਕੂਬ ਦੁਆਰਾ ਮੁੱਲ ਦੇ ਕੇ ਵਿਆਹੁਣ ਦੀ ਇਸ ਸੌਦੇਬਾਜੀ ਦੇ ਬਾਕੀ ਰਹਿੰਦੇ ਸੱਤ ਵਰਿਹਾਂ ਦੌਰਾਨ, ਇਸ ਪੁਰਖੇ ਨੇ ਆਪਣਾ ਪਰਿਵਾਰ ਬਣਾਉਣ ਸ਼ੁਰੂ ਕਰ ਦਿੱਤਾ। ਲੇਆਹ ਦੇ "ਘਿਣਾਉਣੀ ਕੀਤੀ" ਜਾਣ ਦੇ ਕਾਰਣ, ਯਹੋਵਾਹ ਨੇ **ਉਸ ਦੀ ਕੁੱਖ ਖੋਲ੍ਹੀ ਪਰ ਰਾਖੇਲ ਬੰਞ ਰਹੀ**।[17] ਇਸ ਪਰਿਵਾਰ ਦੇ ਜੀਵਨ ਜੋ ਘਟਨਾਵਾਂ ਵਾਪਰੀਆਂ ਸਨ ਉਹ ਉਸ ਤਰੀਕੇ ਨਾਲ ਨਹੀਂ ਵਾਪਰੀਆਂ ਜਿਵੇਂ ਕਿ ਯਾਕੂਬ ਜਾਂ ਰਾਖੇਲ ਨੇ ਉਮੀਦ ਕੀਤੀ ਹੋਵੇਗੀ। ਯਹੋਵਾਹ ਨੇ ਲੇਆਹ ਨੂੰ ਜੋ ਘਿਣਾਉਣੀ ਕੀਤੀ ਗਈ ਸੀ ਤਸੱਲੀ ਦੇ ਕੇ ਬਰਕਤ ਦਿੱਤੀ ਅਤੇ ਉਸ ਨੂੰ ਰਾਖੇਲ ਨਾਲੋਂ ਪਹਿਲਾਂ ਮਾਂ ਬਣਨ ਦਾ ਮਾਣ ਬਖਸ਼ਿਆ ਜਿਸ ਨੂੰ ਯਾਕੂਬ ਵੱਧ ਪ੍ਰੇਮ ਕਰਦਾ ਸੀ। ਦਰਅਸਲ, ਇਸ ਤਰ੍ਹਾਂ ਪ੍ਰਤੀਤ

ਹੁੰਦਾ ਹੈ ਕਿ ਇਹ ਕੋਈ ਸੰਜੋਗ ਨਹੀਂ ਸੀ ਕਿ ਯਾਕੂਬ ਨੂੰ ਰਾਖੇਲ ਦੇ ਲਈ ਵਾਧੂ ਸੱਤ ਵਰਰੇ ਜੋ ਸੇਵਾ ਕਰਨੀ ਪਈ ਸੀ ਉਹ ਉਨ੍ਹਾਂ ਸੱਤ ਬੱਚਿਆਂ – ਛੇ ਪੁੱਤਰ ਅਤੇ ਇਕ ਧੀ – ਦੇ ਅਨੁਰੂਪ ਹੈ ਜਿਨ੍ਹਾਂ ਨੂੰ ਉਹ ਲੇਆਹ ਦੁਆਰਾ ਜਣੇਗਾ। ਇਹ ਇਸ ਸੱਚਾਈ ਦੀ ਮਿਸਾਲ ਹੈ ਕਿ ਪਰਮੇਸ਼ੁਰ ਦੇ ਰਾਹ ਮਨੁੱਖ ਦੇ ਰਾਹ ਨਹੀਂ ਹਨ (ਯਸਾਯਾਹ 55:8)।

**ਆਇਤ 32.** ਵੱਡੀ ਆਸ ਨਾਲ, ਲੇਆਹ ਇਕ **ਪੁੱਤ੍ਰ ਜਣੀ ਅਰ ਉਸ ਉਹ ਦਾ ਨਾਉਂ ਰਊਬੇਨ** (רְאוּבֵן, *ਰਿਊਬੇਨ*) **ਰੱਖਿਆ**, ਜਿਸ ਦਾ ਅਰਥ ਹੈ "ਵੇਖੋ, ਇਕ ਪੁੱਤਰ!" ਉਸ ਨੇ ਉਸ ਨੂੰ ਇਹ ਨਾਮ ਦੇ ਕੇ ਆਪਣੇ ਵੱਡੇ ਅਨੰਦ ਨੂੰ ਪਰਗਟ ਕੀਤਾ, ਜੋ ਉਸ ਦੇ ਇਸ ਕਥਨ ਨਾਲ ਮਿਲਦਾ ਹੈ **ਯਹੋਵਾਹ ਨੇ ਮੇਰਾ ਕਸ਼ਟ** [רָאָה, *ਰਾਆਹ*] **ਵੇਖਿਆ।** ਉਸ ਨੇ ਸੋਚਿਆ, **ਹੁਣ ਮੇਰਾ ਮਰਦ ਮੇਰੇ ਨਾਲ ਪ੍ਰੀਤੀ ਕਰੂਗਾ**, ਪਰ ਉਹ ਨਿਰਾਸ਼ ਹੋਵੇਗੀ।

**ਆਇਤ 33.** ਲੇਆਹ ਨੇ ਇਹ ਆਸ ਲਾਈ ਰੱਖੀ ਕਿ ਬੱਚੇ ਨੂੰ ਜਨਮ ਦੇਣ ਵਿਚ ਪ੍ਰਭੂ ਦੀ ਭਾਗੀਦਾਰੀ ਉਸ ਦੇ ਪਤੀ ਦੇ ਮਨ ਵਿਚ ਬਦਲਾਅ ਲੈ ਕੇ ਆਵੇਗੀ। ਜਦੋਂ **ਉਹ ਫੇਰ ਗਰਭਵੰਤੀ ਹੋਈ ਅਰ** ਆਪਣੇ ਦੂਜੇ ਪੁੱਤਰ ਯਾਕੂਬ ਨੂੰ **ਜਣੀ**, ਉਸ ਨੇ ਆਖਿਆ, **ਯਹੋਵਾਹ ਨੇ ਸੁਣਿਆ** [שָׁמַע, *ਸ਼ਾਮਾ*] **ਕਿ ਮੈਂ ਘਿਣਾਉਣੀ ਜਾਣੀ ਗਈ ਹਾਂ ਏਸ ਕਾਰਨ ਉਸ ਨੇ ਮੈਨੂੰ ਏਹ ਦਿੱਤਾ। ਤੇ ਉਹ ਦਾ ਨਾਉਂ ਸ਼ਿਮਓਨ ਰੱਖਿਆ।** "ਸੁਣਿਆ" ਸ਼ਬਦ ਦੀ ਵਰਤੋਂ ਕਰਦਿਆਂ, **ਉਹ ਦਾ ਨਾਉਂ ਸ਼ਿਮਓਨ** [שִׁמְעוֹן, *ਸ਼ਿਮੀਓਨ*)[18] **ਰੱਖਿਆ।** ਉਸ ਨੇ ਮੰਨ ਲਿਆ ਕਿ ਕਿਉਂਕਿ ਉਹ ਘਿਣਾਉਣੀ ਕੀਤੀ ਗਈ ਸੀ, ਪਰਮੇਸ਼ੁਰ ਨੇ ਉਸ ਦੇ ਵਿਰਲਾਪ ਨੂੰ ਸੁਣਿਆ ਹੈ ਅਤੇ ਉਸ ਨੂੰ ਆਸ ਸੀ ਕਿ ਪਰਮੇਸ਼ੁਰ ਸਾਰੀ ਸਥਿਤੀ ਨੂੰ ਠੀਕ ਕਰ ਦੇਵੇਗਾ।

**ਆਇਤ 34.** ਲੇਆਹ ਤੀਜੀ ਵਾਰ **ਗਰਭਵੰਤੀ ਹੋਈ ਅਰ ਪੁੱਤ੍ਰ ਜਣੀ** ਅਤੇ ਉਸ ਨੇ ਸੋਚਿਆ, **ਹੁਣ ਏਸ ਵੇਲੇ** ["ਹੁਣ ਆਖ਼ਰਕਾਰ"; NIV] **ਮੇਰਾ ਮਰਦ ਮੇਰੇ ਨਾਲ ਮਿਲਿਆ** [לָוָה, *ਲਾਵਾਹ*, 'ਜੁੜਿਆ'] **ਰਹੂਗਾ।** ਇਹ ਇਬਰਾਨੀ ਸ਼ਬਦ ਉਨ੍ਹਾਂ ਲੋਕਾਂ ਦੇ ਵਿਖੇ ਵਰਤਿਆ ਗਿਆ ਸੀ ਜਿਹੜੇ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਦੂਜਿਆਂ ਨਾਲ ਜੁੜੇ ਹੁੰਦੇ ਸਨ, ਇਸ ਦੇ ਵਿਚ ਪੈਸੇ ਉਧਾਰ ਦੇਣਾ (ਕੂਚ 22:25; ਬਿਵਸਥਾ ਸਾਰ 28:12, 44; ਜ਼ਬੂਰ 37:26), ਬਗਾਵਤ (ਜ਼ਬੂਰ 83:8), ਯਹੋਵਾਹ ਨੂੰ ਬੰਦਗੀ ਅਤੇ ਸੇਵਾ (ਗਿਣਤੀ 18:2, 4; ਯਸਾਯਾਹ 56:3; ਜ਼ਕਰਯਾਹ 2:11) ਅਤੇ "ਪਤੀ ਅਤੇ ਪਤਨੀ ਦਾ ਵਿਵਾਹਿਕ ਤੌਰ ਤੇ ਜੁੜਨਾ" ਸ਼ਾਮਲ ਸੀ।[19] ਫਿਰ ਵੀ, ਲੇਆਹ ਦੀ ਇੱਛਾ ਮੁੱਖ ਰੂਪ ਵਿਚ ਵਿਵਾਹਿਕ ਤੌਰ ਤੇ ਜੁੜਨ ਦੀ ਨਹੀਂ ਸੀ, ਕਿਉਂਕਿ ਉਹ ਪਹਿਲਾਂ ਤੋਂ ਹੀ ਯਾਕੂਬ ਨਾਲ ਵਿਆਹੀ ਹੋਈ ਸੀ ਅਤੇ **ਉਸ ਦੇ ਲਈ ਤਿੰਨ ਪੁੱਤ੍ਰ ਜਣੇ** ਸਨ। **ਏਸ ਕਾਰਨ**, ਜਦੋਂ ਉਸ ਨੇ ਇਸ ਪੁੱਤਰ ਦਾ **ਨਾਉਂ ਲੇਵੀ** (לֵוִי, *ਲੇਵੀ)* **ਰੱਖਿਆ**, ਕਿਉਂਕਿ ਉਹ ਆਪਣੇ ਪਤੀ ਨਾਲ ਸੱਚੇ ਪ੍ਰੇਮ ਵਿਚ ਆਪਣੇ ਦਿਲ ਅਤੇ ਜਾਨ ਨੂੰ "ਜੋੜਨਾ" ਚਾਹੁੰਦੀ ਸੀ।

**ਆਇਤ 35.** ਲੇਆਹ ਚੌਥੀ ਵਾਰ **ਗਰਭਵੰਤੀ ਹੋਈ ਅਰ ਪੁੱਤ੍ਰ ਜਣੀ**; ਪਰ ਇਸ ਵਾਰ ਉਸ ਨੇ ਯਾਕੂਬ ਦੇ ਉਸ ਨਾਲ ਘੱਟ ਪ੍ਰੇਮ ਕਰਨ ਦੇ ਕਾਰਣ ਉਸ ਦੇ ਦੁੱਖ ਦਾ ਜ਼ਿਕਰ ਨਹੀਂ ਕੀਤਾ। ਬਜਾਇ ਇਸ ਦੇ, ਉਸ ਨੇ ਆਖਿਆ, **ਏਸ ਵੇਲੇ ਮੈਂ ਯਹੋਵਾਹ ਦਾ ਧੰਨਵਾਦ ਕਰਾਂਗੀ** [יָדָה, *ਯਾਦਾਹ*]। ਏਸ ਕਾਰਨ **ਉਸ ਉਹ ਦਾ ਨਾਉਂ ਯਹੂਦਾਹ** (יְהוּדָה, *ਯੇਹੂਦਾਹ*) **ਰੱਖਿਆ**, ਜੋ ਕਿ יְהוּדְיָה (*ਯੇਹੂਦਯਾਹ*) ਦਾ ਛੋਟਾ ਰੂਪ ਹੈ, ਜਿਸ ਦਾ ਅਰਥ "ਯਾਹ[ਵੇਹ] ਦਾ ਧੰਨਵਾਦ ਹੋਵੇ।"[20] ਫਿਰ ਵਿਰਤਾਂਤ ਕਹਿੰਦਾ ਹੈ ਕਿ ਲੇਆਹ **ਜਣਨ ਤੋਂ ਰਹਿ ਗਈ**, ਪਰ ਇਸ ਦਾ ਕਾਰਣ ਨਹੀਂ ਦਿੱਤਾ ਗਿਆ।

ਪਹਿਲਾਂ ਲੇਆਹ ਨੂੰ ਬੱਚਿਆਂ ਦੀ ਬਰਕਤ ਦੇਣ ਤੋਂ ਇਲਾਵਾ, ਪਰਮੇਸ਼ੁਰ ਨੇ ਬਾਅਦ ਵਿਚ ਉਸ ਦੀ ਸੰਤਾਨ ਵਿੱਚੋਂ ਦੋ ਪੁੱਤਰਾਂ ਨੂੰ ਇਸਰਾਏਲ ਦੀ ਕੌਮ ਵਿਚ ਉੱਚਾ ਕੀਤਾ। ਉਸ ਨੇ ਲੇਵੀ ਨੂੰ ਜਾਜਕਾਈ ਗੋਤ ਵਜੋਂ ਅਤੇ ਯਹੂਦਾਹ ਨੂੰ ਸ਼ਾਹੀ ਗੋਤ ਵਜੋਂ ਚੁਣਿਆ। ਕਿਉਂਕਿ ਮਸੀਹ ਯਹੂਦਾਹ ਦੇ ਗੋਤ ਵਿੱਚੋਂ ਸੀ, ਲੇਆਹ ਦੀ ਵੰਸ਼ਾਵਲੀ ਦੇ ਰਾਹੀਂ ਉਹ ਜਗਤ ਵਿਚ ਆਇਆ ਸੀ (ਮੱਤੀ 1:1-17; ਲੂਕਾ 3:23-34)।

# ਪ੍ਰਾਸੰਗਿਕਤਾ

**ਪਰਮੇਸ਼ੁਰ ਦੀ ਦੈਵੀ ਹਜ਼ੂਰੀ (ਅਧਿਆਇ 29)**

ਯਾਕੂਬ ਨੂੰ ਬੈਤਏਲ ਵਿਚ ਪਰਮੇਸ਼ੁਰ ਦੇ ਦਰਸ਼ਣ ਤੋਂ ਬਾਅਦ, ਜਿਸ ਦੇ ਵਿਚ ਉਸ ਨੂੰ ਬਰਕਤ ਦੇਣ ਅਤੇ ਉਸ ਦੇ ਅੰਗ ਸੰਗ ਰਹਿਣ ਲਈ ਪਰਮੇਸ਼ੁਰ ਦਾ ਵਾਇਦਾ ਸ਼ਾਮਲ ਸੀ (28:10-15), ਪੁਰਖਾ ਇਕ ਵਾਰ ਫੇਰ ਹਾਰਾਨ ਨੂੰ ਨਿੱਕਲ ਤੁਰਿਆ। NASB ਬਾਈਬਲ ਅਨੁਵਾਦ ਸਿਰਫ ਇਹ ਕਹਿੰਦਾ ਹੈ ਕਿ "ਯਾਕੂਬ ਆਪਣੇ ਸਫਰ ਤੇ ਨਿੱਕਲ ਪਿਆ" (29:1); ਪਰ ਇਬਰਾਨੀ ਅਨੁਵਾਦ ਸ਼ਾਬਦਿਕ ਤੌਰ ਤੇ ਕਹਿੰਦਾ ਹੈ ਕਿ ਉਸ ਨੇ "ਆਪਣਾ ਪੈਰ ਚੁੱਕਿਆ।" ਇਹ ਅਨੁਵਾਦ ਇਹ ਸੁਝਾਅ ਦਿੰਦਾ ਹੈ ਕਿ ਹੁਣ ਏਸਾਓ ਦੇ ਹੱਥੋਂ ਆਪਣੀ ਜਾਨ ਬਚਾਉਣ ਅਤੇ ਡਾਕੂਆਂ ਦੀ ਅਨਿਸ਼ਚਤਤਾ ਦੇ ਡਰ ਦੀ ਬਜਾਇ ਜਿਸ ਦਾ ਸ਼ਾਇਦ ਉਸ ਨੇ ਉਸ ਸਮੇਂ ਅਨੁਭਵ ਕੀਤਾ ਸੀ ਜਦੋਂ ਉਹ ਘਰੋਂ ਨਿੱਕਲਿਆ ਸੀ, ਪੁਰਖੇ ਦੀ ਚਾਲ ਵਿਚ ਇਕ ਨਵਾਂ ਭਰੋਸਾ ਸੀ। ਯਾਕੂਬ ਦੇ ਲਈ ਪਰਮੇਸ਼ੁਰ ਦਾ ਮਾਰਗ-ਦਰਸ਼ਨ ਸਪੱਸ਼ਟ ਰਿਹਾ ਹੋਵੇਗਾ ਜਦੋਂ ਉਹ ਹਾਰਾਨ ਦੇ ਨੇੜੇ ਖੂਹ ਦੇ ਕੋਲ ਪਹੁੰਚਿਆ ਅਤੇ ਉਸ ਨੂੰ ਅਯਾਲੀ ਜਿਹੜੇ ਲਾਬਾਨ ਨੂੰ ਜਾਣਦੇ ਸਨ। ਨਿਸ਼ਚਤ ਤੌਰ ਤੇ, ਇਹ ਕੋਈ ਸੰਜੋਗ ਨਹੀਂ ਸੀ ਕਿ ਉਹ ਅਯਾਲੀ ਲਾਬਾਨ ਦੀ ਧੀ ਰਾਖੇਲ ਵੱਲ ਦੂਰੋਂ ਇਸ਼ਾਰਾ ਕਰਨ ਵਿਚ ਸਮਰੱਥ ਹੋਏ ਜਿਹੜੀ ਕਿ ਆਪਣੀਆਂ ਭੇਡਾਂ ਨਾਲ ਖੂਹ ਤੇ ਆ ਰਹੀ ਸੀ।

ਯਾਕੂਬ ਨੂੰ ਰਾਖੇਲ ਨੂੰ ਵੇਖਦਿਆਂ ਸਾਰ ਉਸ ਨਾਲ ਪਿਆਰ ਹੋ ਗਿਆ। "ਯਹੋਵਾਹ ਦਾ ਅਨੰਦ" ਉਸ ਦਾ "ਬਲ" ਸੀ (ਨਹਮਯਾਹ 8:10) ਅਤੇ ਇਸ ਬਲ ਨੇ ਉਸ ਨੂੰ ਉਸ ਭਾਰੀ ਪੱਥਰ ਨੂੰ ਹਟਾਉਣ ਦੇ ਯੋਗ ਬਣਾਇਆ ਜਿਸ ਨਾਲ ਉਹ ਖੂਹ ਢੱਕਿਆ ਹੋਇਆ ਸੀ ਤਾਂ ਕਿ ਉਹ ਆਪਣੇ ਇੱਜੜ ਨੂੰ ਪਾਣੀ ਪਿਲਾ ਸਕਦਾ। ਇਨ੍ਹਾਂ ਦੈਵੀ ਘਟਨਾਵਾਂ ਨੇ ਯਾਕੂਬ ਦੇ ਦਿਲ ਨੂੰ ਇੰਨਾ ਜ਼ਿਆਦਾ ਛੋਹ ਲਿਆ ਕਿ ਉਸ ਨੇ ਆਪਣੇ ਮਾਮੀ ਦੀ ਧੀ ਨੂੰ ਜੋ ਕਿ ਬਹੁਤ ਸੋਹਣੀ ਸੀ ਗਲੇ ਲਗਾਇਆ ਅਤੇ ਉਸ ਨੂੰ ਚੁੰਮਿਆ ਅਤੇ ਖੁਸ਼ੀ ਨਾਲ ਉੱਚੀ ਉੱਚੀ ਰੋਇਆ (29:9-11)। ਉਸ ਨੇ ਛੇਤੀ ਹੀ ਉਸ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੱਤਾ ਜਿਸ ਨਾਲ ਉਹ ਰਾਖੇਲ ਨੂੰ ਆਪਣੀ ਤੀਵੀਂ ਬਣਾ ਸਕਦਾ ਅਤੇ ਇਸ ਪ੍ਰਕਿਰਿਆ ਵਿਚ ਰਾਖੇਲ ਨੂੰ ਆਪਣੀ ਤੀਵੀਂ ਬਣਾਉਣ ਦੇ ਲਈ ਰਾਖੇਲ ਦੇ ਪਿਤਾ ਦੀ ਸੱਤ ਵਰਹੇ ਟਹਿਲ ਕਰਨ ਦਾ ਵਾਇਦਾ ਵੀ ਸ਼ਾਮਲ ਸੀ (29:15-20)।

ਯਾਕੂਬ ਨੂੰ ਉਨ੍ਹਾਂ ਮੁਸ਼ਕਲਾਂ ਦਾ ਜ਼ਰਾ ਵੀ ਅੰਦਾਜ਼ਾ ਨਹੀਂ ਸੀ ਜੋ ਉਸ ਨੂੰ ਰਾਖੇਲ ਦੇ ਪਰਿਵਾਰ ਵਿਚ ਵਿਆਹ ਕਰਵਾਉਣ ਨਾਲ ਸਹਿਣੀਆਂ ਪੈਣੀਆਂ ਸੀ। ਫਿਰ ਵੀ, ਉਸ ਦੀ ਇਸ ਸਾਰੀ ਜੱਦੋ-ਜਹਿਦ ਵਿਚ, ਪਰਮੇਸ਼ੁਰ ਉਸ ਦੇ ਅੰਗ ਸੰਗ ਸੀ ਅਤੇ ਉਸ ਨੂੰ ਦੈਵੀ ਤੌਰ ਤੇ ਬਾਰਾਂ ਪੁੱਤਰਾਂ ਦਾ ਪਿਤਾ ਬਣਨ ਦੇ ਲਈ ਤਿਆਰ ਕਰ ਰਿਹਾ ਸੀ ਜਿਹੜੇ ਕਿ ਇਸਰਾਏਲ ਦੇ ਬਾਰਾਂ ਗੋਤਾਂ ਦੇ ਪੁਰਖੇ ਬਣਨਗੇ। ਸਹੀ ਸਮਾਂ ਆਉਣ ਤੇ, ਇਹ ਸਭ ਕੁਝ ਯਹੋਵਾਹ ਦੇ ਉਸ ਵਾਇਦੇ ਨੂੰ

ਪੂਰਾ ਕਰਨ ਦੇ ਲਈ ਹੋਵੇਗਾ ਜੋ ਉਸ ਨੂੰ ਅਬਰਾਹਾਮ ਅਤੇ ਇਸਹਾਕ ਨੂੰ ਦਿੱਤਾ ਸੀ ਕਿ ਮੈਂ ਉਨ੍ਹਾਂ ਦੀ ਅੰਸ ਤੋਂ ਇਕ ਵੱਡੀ ਕੌਮ ਬਣਾਵਾਂਗਾ ਅਤੇ ਉਨ੍ਹਾਂ ਨੂੰ ਧਰਤੀ ਦੀਆਂ ਸਾਰੀਆਂ ਕੌਮਾਂ ਦੇ ਲਈ ਬਰਕਤਾਂ ਦਾ ਕਾਰਣ ਬਣਾਉਣ ਦੇ ਲਈ ਇਸਤੇਮਾਲ ਕਰਾਂਗਾ (12:2, 3; 15:5, 13-15; 17:4, 5, 16; 22:17, 18; 26:2-4, 24, 25)।

ਜਿਵੇਂ ਯਾਕੂਬ ਨੂੰ ਹਾਰਾਨ ਦੀ ਆਪਣੀ ਯਾਤਰਾ ਤੇ ਜਾਣ ਦੇ ਲਈ ਪਰਮੇਸ਼ੁਰ ਦੀ ਹਜ਼ੂਰੀ ਅਤੇ ਮਾਰਗ-ਦਰਸ਼ਨ ਦੇ ਭਰੋਸੇ ਦੀ ਲੋੜ ਸੀ, ਉਸੇ ਤਰ੍ਹਾਂ ਹਰ ਪੀੜ੍ਹੀ ਵਿਚ ਸਾਰੇ ਵਿਸ਼ਵਾਸੀਆਂ ਨੂੰ ਇਸ ਦੀ ਲੋੜ ਹੈ।

*ਮੂਸਾ ਦਾ ਉਦਾਹਰਣ।* ਮੂਸਾ ਮਿਸਰ ਦੇ ਰਾਜਕੁਮਾਰ ਦੇ ਤੌਰ ਤੇ ਪਲਿਆ ਸੀ। ਉਸ ਨੇ "ਮਿਸਰੀਆਂ ਦੀ ਸਾਰੀ ਵਿੱਦਿਆ ਸਿੱਖੀ ਅਤੇ ਆਪਣਿਆਂ ਬਚਨਾਂ ਅਤੇ ਕਰਨੀਆਂ ਵਿੱਚ ਸਮਰਥ ਸੀ" (ਰਸੂਲਾਂ ਦੇ ਕਰਤੱਬ 7:22)। ਜਦੋਂ ਉਹ ਲਗਭਗ ਚਾਹਲੀਆਂ ਵਰਿਹਾਂ ਦਾ ਸੀ, ਉਸ ਨੇ ਪਰਤੱਖ ਰੂਪ ਵਿਚ ਸੋਚਿਆ ਕਿ ਉਹ ਉਸ ਦੇ ਆਪਣੇ ਤਰੀਕੇ ਨਾਲ ਆਪਣੇ ਜੀਵਨ ਨੂੰ ਨਹੀਂ ਸੀ ਚਲਾ ਸਕਦਾ (ਜਿਵੇਂ ਕਈ ਸਾਲ ਪਹਿਲਾਂ ਯਾਕੂਬ ਨੇ ਕੀਤਾ ਸੀ)। ਉਸ ਨੇ ਮਿਸਰੀ ਨੂੰ ਜਾਨੋਂ ਮਾਰਨ ਦੀ ਜ਼ਿੰਮੇਵਾਰੀ ਆਪਣੇ ਉੱਤੇ ਲੈ ਲਈ ਜਿਹੜਾ ਇਕ ਇਸਰਾਏਲੀ ਨੂੰ ਗਾਲ੍ਹਾਂ ਕੱਢ ਰਿਹਾ ਸੀ, ਇਹ ਸੋਚ ਕੇ ਉਸ ਦੇ ਲੋਕ ਉਸ ਨੂੰ ਉਨ੍ਹਾਂ ਦਾ ਛੁਡਾਉਣ ਵਾਲਾ ਸਮਝ ਕੇ ਉਸ ਦੇ ਕੋਲ ਇਕੱਠੇ ਹੋ ਜਾਣਗੇ (ਕੂਚ 2:11, 12; ਰਸੂਲਾਂ ਦੇ ਕਰਤੱਬ 7:23-25); ਪਰ ਉਹ ਇਸਰਾਏਲ ਦੇ ਛੁਟਕਾਰੇ ਅਤੇ ਇਸ ਦੇ ਸਮੇਂ ਦੇ ਵਸੀਲਿਆਂ ਦੋਹਾਂ ਬਾਰੇ ਗੁਮਰਾਹ ਹੋਇਆ ਸੀ। ਉਸ ਨੂੰ ਫ਼ਿਰਊਨ ਦੇ ਕਰੋਧ ਤੋਂ ਬਚਣ ਦੇ ਲਈ ਸੀਨਈ ਦੇ ਉਜਾੜ ਵਿਚ ਭੱਜਣ ਦੇ ਲਈ ਮਜਬੂਰ ਕੀਤਾ ਗਿਆ ਸੀ (ਕੂਚ 2:15; ਰਸੂਲਾਂ ਦੇ ਕਰਤੱਬ 7:29)। ਫਿਰ ਵੀ, ਯਹੋਵਾਹ ਨੇ ਦੈਵੀ ਤੌਰ ਤੇ ਉਸ ਦੀ ਦੇਖਭਾਲ ਕੀਤੀ ਅਤੇ ਉਸ ਨੂੰ ਯਿਥਰੋ ਅਤੇ ਉਸ ਦੇ ਪਰਿਵਾਰ ਦੇ ਕੋਲ ਲੈ ਗਿਆ। ਉੱਥੇ ਉਸ ਨੂੰ ਚਾਲੀ ਵਰਿਹਾਂ ਦੇ ਲਈ ਆਸਰਾ, ਪਤਨੀ ਅਤੇ ਅਯਾਲੀ ਦਾ ਕੰਮ ਧੰਦਾ ਮਿਲਿਆ (ਕੂਚ 2:16-21; ਰਸੂਲਾਂ ਦੇ ਕਰਤੱਬ 7:30)। ਉਸ ਨੂੰ ਦੀਨਤਾ ਵੀ ਮਿਲੀ।

ਫਿਰ, ਜਦੋਂ ਮੂਸਾ ਅੱਸੀ ਵਰਿਹਾਂ ਦਾ ਹੋ ਗਿਆ, ਯਹੋਵਾਹ ਨੇ ਆਪਣੇ ਲੋਕਾਂ ਨੂੰ ਗੁਲਾਮੀ ਤੋਂ ਛੁਡਾਉਣ ਅਤੇ ਉਨ੍ਹਾਂ ਨੂੰ ਵਾਇਦੇ ਦੇ ਦੇਸ ਵਿਚ ਲੈ ਕੇ ਜਾਣ ਦੇ ਲਈ ਮੂਸਾ ਨੂੰ ਵਾਪਸ ਮਿਸਰ ਵਿਚ ਬੁਲਾ ਲਿਆ। ਕਾਫ਼ੀ ਵਰਿਹਾਂ ਤੋਂ ਬਾਅਦ, ਉਸ ਦਾ ਫੋਕਾ ਆਤਮ-ਭਰੋਸਾ ਜਾਂਦਾ ਰਿਹਾ ਅਤੇ ਉਸ ਨੇ ਕਈ ਵਾਰ ਇਸ ਖ਼ਤਰਨਾਕ ਮਿਸ਼ਨ ਤੇ ਜਾਣ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਕੀਤੀ। ਮੂਸਾ ਤਦ ਹੀ ਜਾਣ ਦੇ ਲਈ ਸਹਿਮਤ ਹੋਇਆ ਜਦੋਂ ਪਰਮੇਸ਼ੁਰ ਨੇ ਉਸ ਨੂੰ ਇਹ ਵਾਇਦਾ ਦਿੱਤਾ ਕਿ ਉਸ ਦੀ ਹਜ਼ੂਰੀ ਉਸ ਦੇ ਅੰਗ ਸੰਗ ਹੋਵੇਗੀ ਅਤੇ ਇਹ ਚਿੰਨ੍ਹਾਂ ਅਤੇ ਅਚਰਜ ਕੰਮਾਂ ਦੇ ਰਾਹੀਂ ਪਰਗਟ ਹੋਵੇਗੀ ਅਤੇ ਹਾਰੂਨ ਉਸ ਦਾ ਬੁਲਾਰਾ ਹੋਵੇਗਾ ਜਿਸ ਨੂੰ ਉਸ ਦੀ ਥਾਂ ਤੇ ਬੋਲਣ ਦਾ ਅਧਿਕਾਰ ਹੋਵੇਗਾ (ਕੂਚ 3:10-4:17)।

ਸੀਨਈ ਪਹਾੜ ਤੇ ਸੋਨੇ ਦੇ ਵੱਛੇ ਦੀ ਘਟਨਾ ਤੋਂ ਬਾਅਦ, ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਸੀ ਕਿ ਉਹ ਵਾਇਦੇ ਦੇ ਦੇਸ ਤੱਕ ਇਸਰਾਏਲੀਆਂ ਦੇ ਨਾਲ ਇਕ ਦੂਤ ਨੂੰ ਭੇਜੇਗਾ ਪਰ ਨਿੱਜੀ ਤੌਰ ਤੇ ਆਪ ਉਨ੍ਹਾਂ ਦੇ ਨਾਲ ਨਹੀਂ ਜਾਵੇਗਾ ਕਿਉਂਕਿ ਉਸ ਨੇ ਲੋਕਾਂ ਨੂੰ ਉਨ੍ਹਾਂ ਦੀ ਢੀਠ ਅਣਆਗਿਆਕਾਰੀ ਦੇ ਲਈ ਨਾਸ ਕਰਨ ਦੀ ਇੱਛਾ ਕੀਤੀ ਸੀ (ਕੂਚ 33:1-5)। ਇਸ ਗੱਲ ਤੋਂ ਮੂਸਾ ਸੰਤੁਸ਼ਟ ਨਹੀਂ ਸੀ ਹੋਇਆ ਅਤੇ ਉਸ ਨੇ ਪਰਮੇਸ਼ੁਰ ਨੂੰ ਆਖਿਆ, "ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ" (ਕੂਚ 33:15)। ਦੂਜੇ ਸ਼ਬਦਾਂ ਵਿਚ,

ਮੂਸਾ ਇਹ ਬੇਨਤੀ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਤਦ ਤੱਕ ਨਹੀਂ ਜਾਣਾ ਚਾਹੀਦਾ ਜਦੋਂ ਤੱਕ ਪਰਮੇਸ਼ੁਰ ਨਿੱਜੀ ਤੌਰ ਤੇ ਉਨ੍ਹਾਂ ਦੇ ਨਾਲ ਨਹੀਂ ਜਾਂਦਾ। ਇਸ ਬੇਨਤੀ ਦੇ ਜਵਾਬ ਵਿਚ, ਯਹੋਵਾਹ ਨੇ ਮੂਸਾ ਨੂੰ ਆਖਿਆ, "ਜਿਹੜੀ ਗੱਲ ਤੈਂ ਕੀਤੀ ਹੈ ਮੈਂ ਏਹ ਵੀ ਕਰਾਂਗਾ ਕਿਉਂ ਜੋ ਮੇਰੀ ਕਿਰਪਾ [חֵן, *ਚੇਨ,* 'ਕਿਰਪਾ'] ਦੀ ਨਿਗਾਹ ਤੇਰੇ ਉੱਤੇ ਹੈ ਅਤੇ ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ" (ਕੂਚ 33:17)। ਇਹ ਯਹੋਵਾਹ ਦੀ *ਨਿੱਜੀ ਹਜ਼ੂਰੀ* ਸੀ ਜਿਸ ਨੇ ਮੂਸਾ ਨੂੰ ਬਲ ਦਿੱਤਾ ਅਤੇ ਉਸ ਨੂੰ ਇਸਰਾਏਲੀਆਂ ਨੂੰ ਗੁਲਾਮੀ ਵਿੱਚੋਂ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਵਾਇਦੇ ਦੀ ਧਰਤੀ ਦੀ ਸੀਮਾ ਤੱਕ ਲੈ ਕੇ ਜਾਣ ਦੇ ਯੋਗ ਬਣਾਇਆ।

*ਰਸੂਲਾਂ ਦਾ ਉਦਾਹਰਣ।* ਨਵਾਂ ਨੇਮ ਵੀ ਰੱਬੀ ਨਿੱਜੀ ਹਜ਼ੂਰੀ ਦੀ ਲੋੜ ਨੂੰ ਵਿਖਾਉਂਦਾ ਹੈ। ਯਿਸੂ ਦੇ ਚੇਲਿਆਂ ਨੂੰ ਇਸ ਗੱਲ ਦਾ ਬਹੁਤ ਦੁੱਖ ਲੱਗਾ ਸੀ ਕਿ ਯਿਸੂ ਉਨ੍ਹਾਂ ਨੂੰ ਛੱਡ ਕੇ ਚਲਾ ਜਾਵੇਗਾ (ਯੂਹੰਨਾ 14:1-3), ਇਸ ਲਈ, ਉਸ ਨੇ ਉਨ੍ਹਾਂ ਨਾਲ ਵਾਇਦਾ ਕੀਤਾ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲੇਗਾ (ਯੂਹੰਨਾ 14:17)। ਉਹ ਅਨਾਥਾਂ (ਕੰਗਾਲ ਅਤੇ ਇਕੱਲੇ) ਵਾਂਗ ਨਹੀਂ ਛੱਡੇ ਜਾਣਗੇ, ਕਿਉਂਕਿ ਉਹ ਅਤੇ ਉਸ ਦਾ ਪਿਤਾ ਉਨ੍ਹਾਂ ਕੋਲ ਆਉਣਗੇ (ਯੂਹੰਨਾ 14:18, 23)। ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਾਅਦ, ਯਿਸੂ ਨੇ ਰਸੂਲਾਂ ਨੂੰ ਮਹਾਨ ਆਗਿਆ ਦੇ ਕੇ ਭੇਜਿਆ ਅਤੇ ਵਾਇਦਾ ਕੀਤਾ ਕਿ "ਮੈਂ ਜੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:20)। ਮਰਕੁਸ ਨੇ ਇਸ ਵਾਇਦੇ ਦੇ ਪੂਰਾ ਹੋਣ ਦਾ ਵਰਣਨ ਕੀਤਾ ਅਤੇ ਇਹ ਕਹਿੰਦੇ ਹੋਏ ਉਨ੍ਹਾਂ ਦੇ ਜੀਵਨਾਂ ਵਿਚ ਮਸੀਹ ਦੀ ਹਜ਼ੂਰੀ ਨੂੰ ਸਵੀਕਾਰ ਕੀਤਾ ਕਿ "ਅਤੇ ਉਨ੍ਹਾਂ ਨੇ ਬਾਹਰ ਜਾ ਕੇ ਹਰ ਥਾਂ ਪਰਚਾਰ ਕੀਤਾ ਅਤੇ ਪ੍ਰਭੂ ਉਨ੍ਹਾਂ ਦੇ ਨਾਲ ਹੋ ਕੇ ਕੰਮ ਕਰਦਾ ਸੀ ਅਰ ਬਚਨ ਉਨ੍ਹਾਂ ਨਿਸ਼ਾਨਿਆਂ ਦੀ ਰਾਹੀਂ ਜਿਹੜੇ ਨਾਲ ਨਾਲ ਹੁੰਦੇ ਸਨ ਸਾਬਤ ਕਰਦਾ ਸੀ" (ਮਰਕੁਸ 16:20)।

ਰਸੂਲਾਂ ਨੇ ਯਿਸੂ ਦੀ ਹਜ਼ੂਰੀ ਦਾ ਮੁੱਖ ਰੂਪ ਵਿਚ ਸਿਰਫ ਉਨ੍ਹਾਂ ਚਿੰਨ੍ਹਾਂ ਵਿਚ ਹੀ ਅਨੁਭਵ ਨਹੀਂ ਸੀ ਜੋ ਉਨ੍ਹਾਂ ਦੇ ਸੇਵਕਾਈ ਦੌਰਾਨ ਕੀਤੇ ਸਨ। ਜਿਵੇਂ ਕਿ ਯਾਕੂਬ ਨਾਲ ਹੋਇਆ, ਪਰਮੇਸ਼ੁਰ ਦੀ ਹਜ਼ੂਰੀ ਅਤੇ ਵਾਇਦਿਆਂ ਨੇ ਉਨ੍ਹਾਂ ਦੀ ਚਾਲ ਜਾਂ ਕਦਮਾਂ ਵਿਚ ਭਰੋਸੇ ਨੂੰ ਭਰ ਦਿੱਤਾ। ਉਹ ਖੁਸ਼ਖ਼ਬਰੀ ਜਿਸ ਦਾ ਉਨ੍ਹਾਂ ਨੇ ਪਰਚਾਰ ਕੀਤਾ ਸੀ ਸੱਚਮੁੱਚ "ਮੁਕਤੀ ਦੇ ਲਈ ਪਰਮੇਸ਼ੁਰ ਦੀ ਸ਼ਕਤੀ" ਸੀ (ਰੋਮੀਆਂ 1:16) ਕਿਉਂਕਿ ਇਹ ਸੰਸਾਰ ਦੇ ਲਈ ਪਰਮੇਸ਼ੁਰ ਦੇ ਪਿਆਰ ਦਾ ਸੰਦੇਸ਼ ਸੀ (ਯੂਹੰਨਾ 3:16)। ਇਸ ਤੋਂ ਇਲਾਵਾ, ਉਸ ਪਿਆਰ ਦਾ ਆਖ਼ਰੀ ਪ੍ਰਗਟਾਵਾ ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦਾ ਸੰਸਾਰ ਵਿਚ ਆ ਕੇ ਸਾਰੀ ਮਨੁੱਖਜਾਤੀ ਦੇ ਪਾਪਾਂ ਦੇ ਲਈ ਮਰਨਾ ਸੀ (1 ਤਿਮੋਥਿਉਸ 1:12-17; 1 ਯੂਹੰਨਾ 1:7-2:2; 4:9, 10)। ਉਸ ਦੀ ਮੌਤ ਅੰਤ ਨਹੀਂ ਸੀ: ਉਸ ਦੇ ਦਫਨਾਏ ਜਾਣ ਤੋਂ ਬਾਅਦ, ਉਹ ਤੀਜੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਿਆ (1 ਕੁਰਿੰਥੀਆਂ 15:1-6) ਅਤੇ ਫਿਰ ਸੁਰਗ ਨੂੰ ਚੜ੍ਹ ਗਿਆ। ਉਸ ਦੀ ਕਲੀਸੀਆ ਪੈਂਟੀਕਾਸਟ ਦੇ ਦਿਨ ਸਥਾਪਤ ਹੋਈ ਜਦੋਂ ਰਸੂਲਾਂ ਨੇ ਖੁਸ਼ਖ਼ਬਰੀ ਦਾ ਪਰਚਾਰ ਕੀਤਾ ਅਤੇ ਲੋਕਾਂ ਨੂੰ ਤੋਬਾ ਕਰਨ ਅਤੇ ਬਪਤਿਸਮਾ ਲੈਣ ਦੇ ਲਈ ਬੁਲਾਇਆ (ਰਸੂਲਾਂ ਦੇ ਕਰਤੱਬ 2:22-42; ਵੇਖੋ ਰੋਮੀਆਂ 6:1-4)।

ਜਦੋਂ ਰਸੂਲਾਂ ਅਤੇ ਹੋਰ ਮਸੀਹੀ ਲੋਕਾਂ ਨੇ ਕਸ਼ਟਾਂ ਦਾ ਸਾਹਮਣਾ ਕੀਤਾ, ਉਨ੍ਹਾਂ ਨੇ ਪ੍ਰਭੂ ਦੀ ਹਜ਼ੂਰੀ ਦੇ ਦੁਆਰਾ ਬਲ ਪ੍ਰਾਪਤ ਕੀਤਾ। ਉਹ ਸਤਾਓ ਅਤੇ ਮੌਤ ਦਾ ਸਾਹਮਣਾ ਕਰਨ ਵਿਚ ਵੀ ਸਮਰੱਥ ਹੋਏ ਕਿਉਂਕਿ ਉਹ ਜਾਣਦੇ ਸਨ ਕਿ ਪਰਮੇਸ਼ੁਰ ਦਾ ਪੁੱਤਰ ਉਨ੍ਹਾਂ ਦੇ ਨਾਲ ਸੀ (ਰਸੂਲਾਂ ਦੇ ਕਰਤੱਬ 7:54-60; ਰੋਮੀਆਂ 8:35-39; ਫ਼ਿਲਿੱਪੀਆਂ 4:11-13; 2 ਤਿਮੋਥਿਉਸ 1:8-12;

2:8-13; ਇਬਰਾਨੀਆਂ 13:5, 6)। ਪਵਿੱਤਰ ਆਤਮਾ ਦੇ ਸਾਡੇ ਅੰਦਰ ਵਾਸ ਕਰਨ ਨਾਲ ਇਹ ਹਜ਼ੂਰੀ ਹੈ ਹਰੇਕ ਮਸੀਹੀ ਵਿਅਕਤੀ ਕੋਲ ਹੈ (ਰਸੂਲਾਂ ਦੇ ਕਰਤੱਬ 2:38; ਰੋਮੀਆਂ 8:9-14)।

*ਸਿੱਟਾ।* ਸਾਨੂੰ ਇਸ ਸੋਚ ਕੇ ਆਪਣੇ ਆਪ ਨੂੰ ਧੋਖਾ ਨਹੀਂ ਦੇਣਾ ਚਾਹੀਦਾ ਕਿ ਅਸੀਂ ਆਪਣੀਆਂ ਜਾਨਾਂ ਦੇ ਮਾਲਕ ਹਾਂ। ਬਜਾਇ ਇਸ ਦੇ, ਸਾਨੂੰ ਆਪਣੇ ਆਪ ਨੂੰ ਪ੍ਰਭੂ ਦੀ ਇੱਛਾ ਦੇ ਅਧੀਨ ਕਰਨਾ ਚਾਹੀਦਾ ਹੈ। ਇਕ ਗੀਤ ਵਿੱਚੋਂ ਲਈਆਂ ਗਈਆਂ ਹੇਠ ਲਿਖੀਆਂ ਪੰਗਤੀਆਂ ਪਰਮੇਸ਼ੁਰ ਲਈ ਸਾਡੀ ਲੋੜ ਨੂੰ ਵਿਅਕਤ ਕਰਦੀਆਂ ਹਨ:

> ਹੇ ਯਹੋਵਾਹ ਮਹਾਨ, ਇਸ ਬੰਜਰ ਜ਼ਮੀਨ ਦੇ ਵਿੱਚੋਂ ਦੀ ਲੰਘਦਿਆਂ ਮੇਰੀ ਅਗਵਾਈ ਕਰ;
> ਮੈਂ ਕਮਜ਼ੋਰ ਹਾਂ, ਪਰ ਤੂੰ ਸ਼ਕਤੀਸ਼ਾਲੀ ਹੈ, ਮੈਨੂੰ ਆਪਣੇ ਸ਼ਕਤੀਸ਼ਾਲੀ ਹੱਥ ਨਾਲ ਸੰਭਾਲ।[21]

## ਯਾਕੂਬ ਦੇ ਰਾਹਾਂ ਲਈ ਅਨੁਸ਼ਾਸਨ (29:1-30)

ਯਹੋਵਾਹ ਕਨਾਨ ਤੋਂ ਹਾਰਾਨ ਦੇ ਇਸ ਲੰਬੇ ਸਫਰ ਵਿਚ ਯਾਕੂਬ ਨੂੰ ਨਾ ਸਿਰਫ ਸਫਲ ਬਣਾਉਣ ਦੇ ਲਈ ਕੰਮ ਕਰ ਰਿਹਾ ਸੀ, ਜਿੱਥੇ ਉਹ ਲਾਬਾਨ ਅਤੇ ਉਸ ਦੀ ਸੁੰਦਰ ਧੀ ਰਾਖੇਲ ਨੂੰ ਮਿਲਿਆ। ਉਹ ਯਾਕੂਬ ਨੂੰ ਅਨੁਸ਼ਾਸਿਤ ਕਰਨ ਅਤੇ ਉਸ ਦੀ ਜ਼ਿੰਦਗੀ ਵਿਚ ਅਣਸੁਲਝੇ ਪਾਪ ਦਾ ਸਾਹਮਣਾ ਕਰਨ ਦੇ ਲਈ ਉਸ ਨੂੰ ਮਜਬੂਰ ਕਰਨ ਅਤੇ ਉਸ ਨੂੰ ਇਕ ਬਿਹਤਰ ਵਿਅਕਤੀ ਬਣਾਉਣ ਦੇ ਲਈ ਵੀ ਕੰਮ ਕਰ ਰਿਹਾ ਸੀ। ਪੁਰਖੇ ਦੇ ਜੀਵਨ ਦੇ ਇਸ ਹਿੱਸੇ ਦਾ ਸਾਰ ਪੌਲੁਸ ਨੇ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ: "ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ" (ਗਲਾਤੀਆਂ 6:7)।

*ਯਾਕੂਬ ਕੋਲ ਅਨੁਸ਼ਾਸਨ ਆਇਆ।* ਯਾਕੂਬ ਨੇ ਆਪਣੇ ਭਰਾ ਏਸਾਓ ਅਤੇ ਆਪਣੇ ਪਿਤਾ ਇਸਹਾਕ ਦੇ ਵਿਰੁੱਧ ਝੂਠ ਅਤੇ ਧੋਖਾ ਬੀਜਿਆ ਸੀ; ਪਰ ਹੁਣ ਉਹ ਆਪਣੇ ਸਹੁਰੇ ਕੋਲੋਂ ਧੋਖਾ ਖਾ ਰਿਹਾ ਸੀ। ਰਾਖੇਲ ਨਾਲ ਵਿਆਹ ਕਰਾਉਣ ਦੇ ਲਈ ਆਪਣੇ ਹੱਕ ਦੇ ਬਦਲੇ ਵਿਚ ਲਾਬਾਨ ਦੀ ਸੱਤ ਵਰਿਹਾਂ ਤੱਕ ਟਹਿਲ ਕਰਨ ਤੋਂ ਬਾਅਦ, ਲਾਬਾਨ ਨੇ ਰਾਖੇਲ ਦੀ ਥਾਂ ਲੇਆਹ ਨੂੰ ਉਸ ਨਾਲ ਵਿਆਹ ਦਿੱਤਾ। ਇਕ ਵਿਅਕਤੀ ਉਸ ਸਦਮੇ, ਨਿਰਾਸ਼ਾ ਅਤੇ ਨਾਰਾਜ਼ਗੀ ਦੀ ਕਲਪਨਾ ਕਰ ਸਕਦਾ ਹੈ ਜਿਸ ਦਾ ਯਾਕੂਬ ਨੇ ਅਨੁਭਵ ਕੀਤਾ ਸੀ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਉਸ ਦੇ ਸਹੁਰੇ ਨੇ ਉਸ ਦਾ ਵਿਆਹ ਕਿਸੇ ਹੋਰ ਤੀਵੀਂ ਨਾਲ ਕਰਵਾ ਦਿੱਤਾ ਹੈ। ਪਹਿਲੀ ਵਾਰ, ਯਾਕੂਬ ਨੂੰ ਸਮਝ ਲੱਗੀ ਹੋਵੇਗੀ ਕਿ ਉਸ ਦੇ ਭਰਾ ਏਸਾਓ ਨੂੰ ਆਪਣੀ ਬਰਕਤ ਨੂੰ ਗੁਆ ਕੇ ਕਿਸ ਤਰ੍ਹਾਂ ਦਾ ਮਹਿਸੂਸ ਹੋਇਆ ਹੋਵੇਗਾ। ਵਿਅੰਗਾਤਮਕ ਰੂਪ ਵਿਚ, ਜਿਵੇਂ ਯਾਕੂਬ ਨੇ ਆਪਣੇ ਅੰਨ੍ਹੇ ਪਿਤਾ ਨੂੰ ਧੋਖਾ ਦੇਣ ਦੇ ਲਈ ਉਸ ਦੇ ਵੱਡੇ ਪੁੱਤਰ ਏਸਾਓ ਹੋਣ ਦਾ ਨਾਟਕ ਕੀਤਾ ਸੀ, ਉਸੇ ਤਰ੍ਹਾਂ, ਲੇਆਹ, ਵੱਡੂ ਭੈਣ ਨੇ ਰਾਖੇਲ ਹੋਣ ਦਾ ਨਾਟਕ ਕਰਕੇ ਯਾਕੂਬ ਨੂੰ ਧੋਖਾ ਦਿੱਤਾ ਸੀ।

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਯਾਕੂਬ ਨੂੰ ਇਸ ਗੱਲ ਦਾ ਕੋਈ ਫ਼ਰਕ ਸੀ ਪਿਆ ਕਿ ਉਸ ਦੇ ਭਰਾ ਦੇ ਦਿਲ ਨੂੰ ਕਿੰਨੀ ਠੇਸ ਪਹੁੰਚੀ ਸੀ ਜਦੋਂ ਯਾਕੂਬ ਨੇ ਥੋਖੇ ਨਾਲ ਆਪਣੇ ਪਿਤਾ ਕੋਲੋਂ ਉਸ ਬਰਕਤ ਨੂੰ ਲੈ ਲਿਆ ਜੋ ਉਸ ਦੇ ਵੱਡੇ ਭਰਾ ਏਸਾਓ ਨੂੰ ਮਿਲਣੀ ਸੀ। ਨਾ ਹੀ ਅਸੀਂ ਇਸ ਗੱਲ ਦਾ ਕੋਈ ਸੰਕੇਤ ਵੇਖਦੇ ਹਾਂ ਕਿ ਯਾਕੂਬ ਨੂੰ ਇਸਹਾਕ ਦੇ ਟੁੱਟੇ ਹੋਏ ਦਿਲ ਬਾਰੇ ਕੋਈ ਚਿੰਤਾ ਸੀ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਛੋਟੇ ਪੁੱਤਰ ਨੇ ਧੋਖੇ ਨਾਲ ਉਸ ਬਰਕਤ ਨੂੰ ਲੈ ਲਿਆ ਹੈ ਜੋ ਉਸ ਨੇ ਏਸਾਓ ਦੇ ਲਈ ਰੱਖੀ ਸੀ। ਇਸੇ ਤਰ੍ਹਾਂ, ਲਾਬਾਨ ਨੇ ਵੀ ਯਾਕੂਬ ਦੀ ਨਿਰਾਸ਼ਾ ਜਾਂ ਨਾਰਾਜ਼ਗੀ ਦੀ ਜ਼ਰਾ ਵੀ ਪਰਵਾਹ ਨਹੀਂ ਕੀਤੀ ਜਦੋਂ ਯਾਕੂਬ ਨੂੰ ਇਹ ਪਤਾ ਲੱਗ ਗਿਆ ਕਿ ਉਸ

ਨੇ ਰਾਖੇਲ ਦੀ ਬਜਾਇ ਜਿਸ ਨੂੰ ਉਹ ਬਹੁਤ ਜ਼ਿਆਦਾ ਪਿਆਰ ਕਰ ਕਰਦਾ ਸੀ, ਲੇਆਹ ਨਾਲ ਵਿਆਹ ਦਿੱਤਾ ਹੈ। ਲਾਬਾਨ ਜੇ ਜੋ ਕੀਤਾ ਸੀ ਉਸ ਨੂੰ ਪਰਤੱਖ ਰੂਪ ਵਿਚ ਉਸ ਦਾ ਕੋਈ ਪਛਤਾਵਾ ਨਹੀਂ ਸੀ। ਸ਼ਾਇਦ ਉਸ ਨੇ ਯਾਕੂਬ ਨੂੰ ਧੋਖਾ ਦੇਣ ਵਿਚ ਸਫ਼ਲਤਾ ਹਾਸਲ ਕਰਨ ਦੇ ਲਈ ਆਪਣੇ ਆਪ ਨੂੰ ਵਧਾਈ ਦਿੱਤੀ ਸੀ।

ਉਹ ਕਰੋਧ ਜੋ ਏਸਾਓ ਨੂੰ ਮਹਿਸੂਸ ਹੋਇਆ ਸੀ, ਹੁਣ ਯਾਕੂਬ ਨੂੰ ਉਸ ਦਾ ਅਨੁਭਵ ਹੋਇਆ ਸੀ; ਉਹ ਲਾਬਾਨ ਦੀ ਤਰਕੀਬ ਦਾ ਸ਼ਿਕਾਰ ਹੋਇਆ ਅਤੇ ਉਸ ਦੇ ਕੋਲ ਰਾਖੇਲ ਦੀ ਖ਼ਾਤਰ ਸੱਤ ਵਰਹੇ ਹੋਰ ਅਪਣੇ ਸਹੁਰੇ ਲਾਬਾਨ ਦੀ ਟਹਿਲ ਕਰਨ ਦੇ ਲਈ ਸਹਿਮਤ ਹੋਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਯਾਕੂਬ ਨੇ ਇਕ ਦਰਦਨਾਕ ਪਰ ਜ਼ਰੂਰੀ ਸਬਕ ਸਿੱਖਿਆ ਜੋ ਬਾਅਦ ਵਿਚ ਬੁੱਧਵਾਨ ਵਿਅਕਤੀ ਦੁਆਰਾ ਕਿਹਾ ਗਿਆ ਸੀ: "ਬਿਪਤਾ ਪਾਪੀਆਂ ਦੇ ਪਿੱਛੇ ਪੈਂਦੀ ਹੈ" (ਕਹਾਉਤਾਂ 13:21)।

*ਅਨੁਸ਼ਾਸਨ "ਯਾਕੂਬ," ਉੱਤਰੀ ਰਾਜ ਕੋਲ ਆਇਆ।* ਯਾਕੂਬ ਦੇ ਇਸਹਾਕ ਨੂੰ ਧੋਖਾ ਦੇਣ ਤੋਂ ਕਈ ਸਦੀਆਂ ਬਾਅਦ, ਹੋਸ਼ੇਆ ਨਬੀ ਨੇ ਉਨ੍ਹਾਂ ਲੋਕਾਂ ਨੂੰ ਇਕ ਪੁਸਤਕ ਲਿਖੀ ਜਿਹੜੇ ਇਸਰਾਏਲ ਦੇ ਉੱਤਰੀ ਰਾਜ ਵਿਚ ਸਨ। ਉਹ 735 ਈ.ਪੂ. ਵਿਚ ਅੱਸ਼ੂਰੀਆਂ ਦੁਆਰਾ ਪਹਿਲਾਂ ਤੋਂ ਹੀ ਗਹਿਰੇ ਸਦਮੇ ਝੱਲ ਚੁੱਕੇ ਸਨ ਅਤੇ ਤਿਲਗਥ-ਪਿਲਸਰ III ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਅਸੀਰ ਕਰਕੇ ਲੈ ਗਿਆ ਸੀ (2 ਰਾਜਿਆਂ 15:29)। ਜਦੋਂ ਇਸਰਾਏਲ ਦਾ ਰਾਜ ਟੁਕੜੇ-ਟੁਕੜੇ ਹੋ ਰਿਹਾ ਸੀ, ਯਹੋਵਾਹ ਨੇ ਹੋਸ਼ੇਆ ਨੂੰ ਬੁਲਾਇਆ ਕਿ ਉਹ ਲੋਕਾਂ ਦੇ ਅੱਗੇ ਬੇਨਤੀ ਕਰੇ ਕਿ ਲੋਕ ਬਆਲ ਦੀ ਪੂਜਾ ਕਰਨ ਅਤੇ ਦਸ ਹੁਕਮਾਂ ਦੀ ਉਲੰਘਣਾ ਕਰਨ ਤੋਂ ਆਪਣੇ ਮਨ ਨੂੰ ਫਿਰਾ ਕੇ ਪਰਮੇਸ਼ੁਰ ਦੀ ਵੱਲ ਮੁੜਨ। ਜੇਕਰ ਉਹ ਇਨਕਾਰ ਕਰਦੇ ਹਨ, ਅੱਸ਼ੂਰੀਆਂ ਦਾ ਇਕ ਹੋਰ ਹਮਲਾ ਉਨ੍ਹਾਂ ਉੱਤੇ ਹੋਵੇਗਾ ਜੋ ਉਨ੍ਹਾਂ ਨੂੰ ਇਕ ਕੌਮ ਦੇ ਤੌਰ ਤੇ ਬਰਬਾਦ ਕਰ ਦੇਵੇਗਾ।

ਆਪਣੇ ਪਰਚਾਰ ਵਿਚ, ਹੋਸ਼ੇਆ ਨੇ ਇਸਰਾਏਲ ਦਾ "ਯਾਕੂਬ" ਵਜੋਂ ਹਵਾਲਾ ਦਿੱਤਾ ਸੀ।[22] ਪਰਮੇਸ਼ੁਰ ਲੋਕਾਂ ਨੂੰ "[ਯਾਕੂਬ ਦੀਆਂ] ਚਾਲਾ ਅਨੁਸਾਰ" ਅਤੇ "[ਯਾਕੂਬ ਦੀਆਂ] ਕਰਨੀਆਂ ਅਨੁਸਾਰ" ਸਜ਼ਾ ਦੇਣ ਦੀ ਧਮਕੀ ਦੇ ਰਿਹਾ ਸੀ (ਹੋਸ਼ੇਆ 12:2)। ਨਬੀ ਨੇ ਕੁਝ ਪਾਪਾਂ ਦਾ ਜ਼ਿਕਰ ਕੀਤਾ ਜਿਹੜੇ ਇਤਹਾਸਕ ਯਾਕੂਬ ਨੇ ਕੀਤੇ ਸਨ ਅਤੇ ਜਿਨ੍ਹਾਂ ਦੀ ਇਸਰਾਏਲ ਦੀ ਕੌਮ ਦੋਸ਼ੀ ਸੀ: ਝੂਠ (ਹੋਸ਼ੇਆ 7:3), ਹੰਕਾਰ (ਹੋਸ਼ੇਆ 7:10), ਧੋਖਾ (ਹੋਸ਼ੇਆ 7:16) ਅਤੇ ਝੂਠੀਆਂ ਸਹੋਂ (ਹੋਸ਼ੇਆ 10:4)। ਉਸ ਨੇ ਆਪਣੇ ਸਰੋਤਿਆਂ ਨੂੰ ਚੇਤੇ ਕਰਾਇਆ ਕਿ ਇਸ ਲਈ ਜੋ ਯਾਕੂਬ ਕਨਾਨ ਵਿਚ ਇਨ੍ਹਾਂ ਕੰਮਾਂ ਦਾ ਦੋਸ਼ੀ ਸੀ, ਉਹ "ਅਰਾਮ ਦੇ ਰੜ ਨੂੰ ਭੱਜ ਗਿਆ," ਅਰਥਾਤ, ਉੱਤਰੀ-ਪੱਛਮੀ ਮਸੋਪੋਤਾਮੀਆ ਨੂੰ। ਉੱਥੇ, ਪ੍ਰਾਚੀਨ ਹਾਰਾਨ ਵਿਚ, ਉਸ ਨੇ "ਤੀਵੀਂ ਲਈ ਟਹਿਲ ਕੀਤੀ" (ਹੋਸ਼ੇਆ 12:12) ਪਰ ਵੀਹ ਵਰਿਹਾਂ ਤੱਕ ਉਸ ਦਾ ਸਹੁਰਾ ਉਸ ਨਾਲ ਧੋਖਾ ਕਰਦਾ ਰਿਹਾ।

ਜਦੋਂ ਇਸ ਨਬੀ ਨੇ ਇਸਰਾਏਲ ਨੂੰ ਯਾਕੂਬ ਦੇ ਪਾਪਾਂ ਅਤੇ ਉਨ੍ਹਾਂ ਦੇ ਨਤੀਜਿਆਂ ਬਾਰੇ ਚੇਤੇ ਕਰਾਇਆ, ਉਸ ਨੇ ਇਹ ਟਿੱਪਣੀ ਵੀ ਕੀਤੀ ਕਿ ਜੋ ਲੋਕ "ਹਵਾ ਬੀਜਦੇ ਹਨ" ਨਿਸ਼ਚਤ ਤੌਰ ਤੇ "ਵਾਵਰੋਲੇ ਵੱਢਦੇ ਹਨ" (ਹੋਸ਼ੇਆ 8:7)। ਦੂਜੇ ਸ਼ਬਦਾਂ ਵਿਚ, ਜੇਕਰ ਪਰਮੇਸ਼ੁਰ ਦੇ ਲੋਕ ਸੋਚਦੇ ਸਨ ਕਿ ਉਹ ਛੁਟਕਾਰੇ ਨਾਲ "ਹਵਾ ਬੀਜ" ਸਕਦੇ ਸਨ ਜਾਂ ਪਾਪ ਕਰ ਸਕਦੇ ਸਨ, ਤਾਂ ਉਨ੍ਹਾਂ ਨੂੰ ਦੁੱਖ ਭਰੀ ਹੈਰਾਨਗੀ ਹੋਵੇਗੀ। ਛੇਤੀ ਹੀ ਲੋਕਾਂ ਨੂੰ ਪਤਾ ਲੱਗ ਗਿਆ ਕਿ ਕਿਵੇਂ ਉਨ੍ਹਾਂ ਦੇ ਪਾਪਾਂ ਦੇ ਨਤੀਜੇ ਉਨ੍ਹਾਂ ਨਾਲੋਂ ਜ਼ਿਆਦਾ ਵੱਡੇ ਹੋਣਗੇ ਜਿਨ੍ਹਾਂ ਦਾ ਯਾਕੂਬ ਨੇ ਸਾਹਮਣਾ ਕੀਤਾ ਸੀ। ਉਹ ਕੌਮੀ

ਵਿਨਾਸ਼ ਅਤੇ ਅੱਸ਼ੂਰ ਵਿਚ ਅਸੀਰ ਦੇ "ਵਾਵਰੋਲੇ" ਬੀਜਣ ਵਾਲੇ ਸਨ (ਹੋਸ਼ੇਆ 9:3; 10:6; 11:15)।

*ਸਿੱਟਾ।* ਯਾਕੂਬ ਅਤੇ ਇਸਰਾਏਲ ਦੇ ਲੋਕਾਂ ਦੇ ਉਦਾਹਰਣ ਇਤਹਾਸ ਵਿਚ ਪਰਮੇਸ਼ੁਰ ਦੇ ਅਣਡਿੱਠ ਹੱਥ ਦੀਆਂ ਗਵਾਹੀਆਂ ਦਾ ਕੰਮ ਕਰਦੇ ਹਨ। ਉਹ ਆਪਣੇ ਲੋਕਾਂ ਨੂੰ ਦੈਵੀ ਰੂਪ ਵਿਚ ਅਨੁਸ਼ਾਸਿਤ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਜਾਣੂ ਕਰਾਉਣ ਦੇ ਲਈ ਕੰਮ ਕਰਦਾ ਹੈ, ਤਾਂ ਕਿ ਉਨ੍ਹਾਂ ਨੂੰ ਪਾਪ ਦਾ ਆਖ਼ਰੀ ਨਤੀਜਾ ਨਾ ਝੱਲਣਾ ਪਵੇ ਜੋ ਕਿ ਮੌਤ ਹੈ। ਇਸਰਾਏਲ ਨੇ ਕੌਮ ਦੀ ਦੀ ਮੌਤ ਦਾ ਸਾਹਮਣਾ ਕੀਤਾ (ਹਿਜ਼ਕੀਏਲ 18:31 ਨਾਲ ਤੁਲਨਾ ਕਰੋ), ਜਦ ਕਿ ਅੱਜ ਜਿਹੜੇ ਲੋਕ ਆਪਣੇ ਪਾਪਾਂ ਤੋਂ ਤੋਬਾ ਕਰਨ ਦਾ ਇਨਕਾਰ ਕਰਦੇ ਹਨ ਸਦੀਪਕ ਮੌਤ ਦਾ ਸਾਹਮਣਾ ਕਰਦੇ ਹਨ (ਰੋਮੀਆਂ 6:23)। ਪੌਲੁਸ ਨੇ ਗਲਾਤਿਯਾ ਦੇ ਇਲਾਕੇ ਵਿਚ ਰਹਿ ਰਹੇ ਮਸੀਹੀ ਲੋਕਾਂ ਨੂੰ ਉਨ੍ਹਾਂ ਸ਼ਬਦਾਂ ਵਿਚ ਹੀ ਚਿਤਾਵਨੀ ਦਿੱਤੀ ਸੀ ਜੋ ਹੋਸ਼ੇਆ ਦੁਆਰਾ ਵਰਤੇ ਗਏ ਸਨ: "ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ" (ਗਲਾਤੀਆਂ 6:8)।

---

ਟਿੱਪਣੀਆਂ

[1]ਰਾਖੇਲ ਨਾਲ ਯਾਕੂਬ ਦੀ ਪਹਿਲੀ ਮੁਲਾਕਾਤ ਅਤੇ ਰਿਬਕਾਹ ਨਾਲ ਅਬਰਾਹਾਮ ਦੇ ਨੌਕਰ (24:10-33) ਅਤੇ ਯਿਥਰੋ ਦੀਆਂ ਧੀਆਂ ਨਾਲ ਮੂਸਾ (ਕੂਚ 2:15-21) ਦੀਆਂ ਮੁਲਾਕਾਤਾਂ ਵਿਚ ਬਹੁਤ ਸਮਾਨਤਵਾਂ ਹਨ। ਵਿਕਟਰ ਪੀ. ਹੈਮਿਲਟਨ ਦੀ ਪੁਸਤਕ *ਦ ਬੁਕ ਆਫ਼ ਜੈਨੇਸਿਸ: ਚੈਪਟਰਸ 18-50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995) ਦੇ ਸਫ਼ੇ 254-55 ਵੇਖੋ। [2]ਐਸ. ਆਰ. ਡਰਾਈਵਰ ਦੀ ਪੁਸਤਕ *ਦ ਬੁਕ ਆਫ਼ ਜੈਨੇਸਿਸ*, 7ਵਾਂ ਸੰਪਾਦਨ, ਵੈਸਟਮਿੰਸਟਰ ਕਮੈਂਟਰੀਜ਼ (ਲੰਡਨ: ਮੀਥ੍ਰਿਏਨ ਐਂਡ ਕੰਪਨੀ, 1909) ਦਾ ਸਫ਼ਾ 269 ਵੇਖੋ। [3]שָׁלוֹם (*ਸ਼ਾਲੋਮ*) ਦੀ ਇਹੋ ਜਿਹੀ ਵਰਤੋਂ 43:27 ਵਿਚ ਵੀ ਪਾਈ ਜਾਂਦੀ ਹੈ, ਜਦੋਂ ਯੂਸੁਫ਼ ਨੇ ਆਪਣੇ ਭਰਾਵਾਂ ਦੀ "ਸੁਖ ਸਾਂਦ" ਪੁੱਛੀ ਅਤੇ ਫਿਰ ਆਖਿਆ, "ਕੀ ਤੁਹਾਡਾ ਪਿਤਾ ਰਾਜੀ ਹੈ?" [4]27:38 ਵਿਚ, ਏਸਾਓ ਨੇ ਆਪਣੇ ਵੱਡੇ ਦੁੱਖ ਦੇ ਕਾਰਣ "ਉੱਚੀ ਉੱਚੀ ਭੁੱਭਾਂ ਮਾਰੀਆਂ ਅਰ ਰੋਇਆ।" ਇਸ ਦੀ ਤੁਲਨਾ ਵਿਚ, ਇੱਥੇ ਵੱਡੇ ਅਨੰਦ ਦੇ ਕਰਕੇ ਯਾਕੂਬ ਨੇ "ਉੱਚੀ ਉੱਚੀ ਭੁੱਭਾਂ ਮਾਰੀਆਂ ਅਰ ਰੋਇਆ।" [5]ਲਾਬਾਨ ਦਾ ਯਾਕੂਬ ਨੂੰ ਚੁੰਮਣਾ ਅੱਗੇ ਚੱਲ ਕੇ ਯਾਕੂਬ ਨਾਲ ਕੀਤੇ ਗਏ ਉਸ ਦੇ ਵਿਹਾਰ ਨਾਲ ਅਸੰਗਤ ਸਾਬਤ ਹੋਇਆ ਜਿਵੇਂ ਯਾਕੂਬ ਦਾ ਆਪਣੇ ਪਿਤਾ ਇਸਹਾਕ ਨੂੰ ਧੋਖੇ ਨਾਲ ਚੁੰਮਣਾ ਅਸੰਗਤ ਸਾਬਤ ਹੋਇਆ ਸੀ (27:27)। (ਕੈਨੇਥ ਏ. ਮੈਥਿਊਜ਼, *ਜੈਨੇਸਿਸ 11:27–50:26*, ਦ ਨਿਊ ਟੈਸਟਾਮੈਂਟ ਕਮੈਂਟਰੀ, ਜਿਲਦ 1B [ਨੈਸ਼ਵਿਲੇ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005], 464.) [6]"ਵੱਡੀ" (ਜਾਂ "ਵੱਡੀ") ਅਤੇ "ਨਿੱਕੀ" ਸ਼ਬਦ ਜਿਹੜੇ ਕਿ ਲੇਆਹ ਅਤੇ ਰਾਖੇਲ ਦਾ ਵਰਣਨ ਕਰਦੇ ਹਨ ਪਹਿਲਾਂ ਏਸਾਓ ਅਤੇ ਯਾਕੂਬ ਦਾ ਵਣਰਨ ਕਰਨ ਦੇ ਲਈ ਵਰਤੇ ਗਏ ਸਨ (27:15, 42)। [7]ਵਿਲੀਅਮ ਵਾਈਟ, "רַךְ," *TWOT* ਵਿਚ, 2.848. [8]ਬਰੂਸ ਕੇ. ਵਾਲਟਕੇ, *ਜੈਨੇਸਿਸ: ਏ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਰਜ਼, 2001), 405; ਵੇਖੋ JB; CEV; NLT. [9]ਫਰਾਂਸਿਸ ਬਰਾਉਨ, ਐਸ. ਆਰ. ਡਰਾਈਵਰ ਅਤੇ ਚਾਰਲਸ ਏ. ਬਰਿਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1962), 940. [10]ਹੈਮਿਲਟਨ, 258-59; ਜੌਨ ਈ. ਹਾਰਟਲੀ, *ਜੈਨੇਸਿਸ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮਾਸਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 2000), 261, 263, n. 39.

[11]ਪ੍ਰਾਚੀਨ ਮਸੋਪੋਤਾਮੀਆ ਵਿਚ ਸਾਲ ਦੇ ਕੰਮ ਲਈ ਵੱਖ-ਵੱਖ ਤਰ੍ਹਾਂ ਦੀ ਆਮਦਨ ਹੁੰਦੀ ਸੀ। ਫਿਰ ਵੀ, ਆਪਣੇ ਮਾਮੇ ਨੂੰ ਯਾਕੂਬ ਦੀ ਪੇਸ਼ਕਸ਼ ਬਹੁਤ ਹੀ ਦਰਿਆਦਿਲ ਜਾਪਦੀ ਹੈ। ਜੌਨ ਐਚ. ਵਾਲਟਨ ਦੀ ਪੁਸਤਕ *ਜੈਨੇਸਿਸ*, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਕੰਪਨੀ, 2001) ਦਾ ਸਫ਼ਾ 586 ਅਤੇ ਕਟਾਰਜ਼ਿਨਾ ਗਰੋਸਜ਼ ਦੀ ਪੁਸਤਕ "ਡਾਊਰੀ ਐਂਡ ਬਰਾਈਡ ਪ੍ਰਾਈਸ ਇਨ ਨੁਜ਼ੀ," ਇਨ *ਸਟੱਡੀਜ਼ ਆਨ ਦ*

*ਸਿਵਿਲਾਈਜ਼ੇਸ਼ਨ ਐਂਡ ਕਲਚਰ ਆਫ਼ ਨਾਜ਼ੀ ਐਂਡ ਦ ਹੂਰੀਅਨਜ਼,* ਸੋਧ, ਮਾਰਥਾ ਏ. ਮੌਰੀਸਨ ਅਤੇ ਡੇਵਿਡ ਆਈ. ਓਵੈਨ (ਵਿਨੋਨਾ ਲੇਕ, ਇੰਡੀਆਨਾ: ਈਸਨਬਰਾਉਨਸ, 1981) ਦੇ ਸਫ਼ੇ 176-77 ਵੇਖੋ। [12]ਹਰਮਨ ਜੇ. ਔਸਟਲ, "תְּרָפִים," *TWOT* ਵਿਚ, 2:959. [13]ਟੋਬਿਟ 11:18 (NRSV)। [14]ਹਾਰਟਲੀ, 262-63. [15]ਅੱਗੇ ਚੱਲ ਕੇ ਕਹਾਣੀ ਵਿਚ, ਲਾਬਾਨ ਨੇ ਯਾਕੂਬ ਨੂੰ ਅਜਿਹਾ ਹੀ ਸਵਾਲ ਪੁੱਛਿਆ ਸੀ (31:26)। [16]"ਪਿਆਰ" ਅਤੇ "ਵੈਰ" ਦੀਆਂ ਅਜਿਹੀਆਂ ਤੁਲਨਾਵਾਂ ਦੇ ਲਈ ਬਿਵਸਥਾ ਸਾਰ 21:15-17 ਅਤੇ ਮੱਤੀ 6:24 ਵੇਖੋ, ਜਿਸ ਦੇ ਵਿਚ ਬਾਅਦ ਵਾਲੇ ਦਾ ਅਰਥ ਹੈ "ਘੱਟ ਪਿਆਰ ਕਰਨਾ।" ਮੱਤੀ 10:37 ਵਿਚ, ਯਿਸੂ ਨੇ ਕਿਹਾ ਹੈ ਕਿ ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ *ਵੱਧ* ਪਿਆਰ ਕਰਦਾ ਹੈ ਮੇਰੇ ਜੋਗ ਨਹੀਂ ਹੈ। ਇਸ ਕਥਨ ਦੀ ਤੁਲਨਾ ਲੂਕਾ 14:26 ਨਾਲ ਕਰੋ, ਜਿੱਥੇ ਪ੍ਰਭੂ ਨੇ ਉਸ ਦਾ ਚੇਲਾ ਬਣਨ ਦੇ ਲਈ ਇਹੋ ਜਿਹੇ ਵਿਅਕਤੀਆਂ ਨਾਲ ਵੈਰ ਕਰਨ ਦੀ ਮੰਗ ਕੀਤੀ ਸੀ। ਸਪੱਸ਼ਟ ਤੌਰ ਤੇ, "ਵੈਰ ਕਰਨ" ਦਾ ਅਰਥ ਇਹ ਨਹੀਂ ਹੋ ਸਕਦਾ ਕਿ ਪਰਮੇਸ਼ੁਰ ਦੇ ਲੋਕਾਂ ਨੂੰ ਆਪਣੇ ਮਾਤਾ ਪਿਤਾ ਅਤੇ ਪਰਿਵਾਰ ਨਾਲ ਦੁਸ਼ਮਣੀ ਕਰਨੀ ਚਾਹੀਦੀ ਹੈ। ਬਲਕਿ, ਇਹ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਪ੍ਰਭੂ ਨਾਲੋਂ ਘੱਟ "ਪਿਆਰ ਕਰਨ" ਦੇ ਲਈ ਪ੍ਰਭੂ ਦੇ ਚੇਲਿਆਂ ਨੂੰ ਪ੍ਰੇਰਿਤ ਕਰਨ ਦੇ ਲਈ ਬਾਈਬਲ ਦਾ ਇਕ ਪ੍ਰਾਚੀਨ ਤਰੀਕਾ ਹੈ। [17]"ਬਾਂਝ" ਹੋਣ ਕਰਕੇ, ਰਾਖੇਲ ਯਾਕੂਬ ਦੀ ਦਾਦੀ ਸਾਰਾਹ (11:30) ਅਤੇ ਉਸ ਦੀ ਮਾਂ ਰਿਬਕਾਹ (25:21) ਦੀ ਸ਼ਰੇਣੀ ਵਿਚ ਆ ਗਈ। ਇਨ੍ਹਾਂ ਔਰਤਾਂ ਦੇ ਕੁਝ ਸਮੇਂ ਦੇ ਲਈ ਕੋਈ ਔਲਾਦ ਨਹੀਂ ਹੋਈ, ਪਰ ਅੰਤ ਵਿਚ ਯਹੋਵਾਹ ਨੇ ਉਨ੍ਹਾਂ ਨੂੰ ਪੁੱਤਰਾਂ ਦੀ ਬਰਕਤ ਦਿੱਤੀ ਸੀ। [18]"ਇਸਮਾਏਲ" ਨਾਮ "ਸੁਣਨਾ" ਸ਼ਬਦ ਨਾਲ ਜੋੜ ਤੋੜ ਕਰਨਾ ਹੈ (16:11 ਤੇ ਟਿੱਪਣੀਆਂ ਵੇਖੋ)। [19]ਐਂਡਰਿਊ ਬੌਲਿੰਗ, "לָוָה," *TWOT* ਵਿਚ, 1:471. [20]ਏ. ਆਰ. ਮਿਲਰਡ, "ਯਹੂਦਾਹ ਨਾਮ ਦਾ ਅਰਥ," *ਜ਼ੇਟਚਰਿਫਟ ਫੂਰ ਡਾਈ ਆਲਟੈਸਟਾਮੈਂਟਲਿਚੇ ਵਿਸਨਸਚਾਫਟ* 86 (1974): 217.

[21]ਡਬਲਿਯੂ. ਵਿਲੀਅਮਸ, "ਗਾਈਡ ਮੀ, ਓ ਦੋ ਗ੍ਰੇਟ ਜਹੋਵਾਹ," *ਸੌਂਗਸ ਆਫ਼ ਫੇਥ ਐਂਡ ਪਰੇਸ,* ਰਚਨਾ ਅਤੇ ਸੰਪਾਦਨ, ਆਲਟਨ ਐਚ. ਹੋਵਾਰਡ (ਵੈਸਟ ਮੋਨਰੋ, ਲੂਸੀਆਨਾ: ਹੋਵਾਰਡ ਪਬਲਿਸ਼ਿੰਗ ਕੰਪਨੀ, 1994)। [22]ਉਤਪਤ 32:28 ਵਿਚ, ਯਾਕੂਬ ਨੇ ਇਕ "ਮਨੁੱਖ" ਨਾਲ ਘੋਲ ਕੀਤਾ ਜਿਸ ਨੇ ਫਿਰ ਪੁਰਖੇ ਦਾ ਨਾਉਂ ਬਦਲ ਕੇ "ਇਸਰਾਏਲ" ਰੱਖ ਦਿੱਤਾ। ਫਿਰ ਵੀ, ਹੋਸ਼ੇਆ ਨੇ ਨਾਂ ਨੂੰ ਬਦਲ ਦਿੱਤਾ ਕਿਉਂਕਿ ਪੁਰਾਣਾ ਪਾਪੀ ਯਾਕੂਬ ਇਸਰਾਏਲ ਦੇ ਵਿਗੜੇ ਰਾਜ ਵਿਚ ਪਰਤ ਗਿਆ ਸੀ।